ਸ਼ਬਦਾਂ ਦੀ ਸਰਗਮ

ਸ਼ਬਦਾਂ ਦੀ ਸਰਗਮ

ਅੰਜੂਜੀਤ ਸ਼ਰਮਾ

Shabdan Di Sargam
A Thought Anthology
By
Anju jit sharma
Elbe-str 17
27283 Verden Aller
Germany
Mob Nr 0049 15165113297
E-mail Anju.jit@gmx.de

2016

© Author

Title : Janmeja Johl

Price Rs. 150/-

Published by

Asia Visions
1-209-589-3367 USA
91-98159-45018 India

No part of this book be reproduced without
permission from the Author, stated as above

"ਸੋਚਾਂ ਦੀਆਂ ਕਾਂਗਾਂ ਨਾਲ ਉੱਡਦੀ ਅੰਜੂ ਸ਼ਰਮਾਂ''

ਹਰ ਰਚਨਾ ਲਿਖੀ ਜਾਣ ਤੋਂ ਪਹਿਲਾਂ ਲਿਖਾਰੀ ਦੇ ਅੰਤਹਕਰਨ ਵਿਚ ਵਾਸ ਕਰਦੀ ਹੈ। ਜਿਨਾਂ ਚਿਰ ਲਿਖਾਰੀ ਆਪਣੇ ਹਾਵਾਂ ਭਾਵਾਂ ਦੇ ਵਾ-ਵਰੋਲਿਆਂ ਨੂੰ ਕੋਰੇ ਕਾਗਜ ਦੀ ਹਿੱਕ ਤੇ ਉਲੀਕ ਨਹੀ ਲੈਦਾ,ਓਨ੍ਹੀ ਦੇਰ ਤੱਕ ਸੋਚਾਂ ਦੇ ਵਾ-ਵਰੋਲੇ ਉਸ ਦੇ ਮੱਨ ਮੰਦਰ ਦੀਆਂ ਕੰਧਾਂ ਨਾਲ ਟਕਰਾਉਦੇ ਰਹਿਦੇ ਹੱਨ। ਲਿਖਣਾਂ ਇਕ ਅਜਿਹੀ ਸੂਖਮ ਕਲ੍ਹਾ ਹੈ,ਜਿਸ ਦਾ ਵਰਦਾਨ ਕੁਦਰਤ ਦੇ ਹੱਥ ਵਿਚ ਹੈ,ਤੇ ਕੁਦਰਤ ਰਾਣੀ ਕੁਝ ਖਾਸ ਰੂਹਾਂ ਤੇ ਹੀ ਮੇਹਰਬਾਨ ਹੁੰਦੀ ਹੈ।ਮੈਨੂੰ ਪੰਜਾਬੀ ਦੇ ਇਕ ਸਿਰਮੋਰ ਕਵੀ ਦੀਆਂ ਲਾਇਨਾਂ ਯਾਦ ਆਇਆਂ ਹਨ।

ਵਾਰਸਸ਼ਾਹ ਜਦੋ ਅੱਲਾ ਮੇਹਰਬਾਨ ਹੁੰਦਾ ਤੇ ਹੁਕਮ ਹੁੰਦਾ ਹੈ ਨੇਕ ਸਿਤਾਰਿਆਂ ਨੂੰ ਕੁਦਰਤ ਦੇ ਬਹੁਤ ਸਾਰੇ ਨੇਕ ਸਿਤਾਰਿਆਂ ਚੋ ਅੰਜੂ ਸਰਮਾਂ ਵੀ ਇਕ ਨੇਕ ਸਿਤਾਰਾ ਹੈ, ਜੋ ਆਪਣੀ ਸੋਚ ਦੇ ਫੁੱਲਾਂ ਵਰਗੇ ਲਫ਼ਜਾਂ ਨਾਲ ਅਜਿਹੀ ਖੁਸ਼ਬੂ ਖਲ੍ਹਾਰਦੀ ਹੈ, ਜਿਸ ਨਾਲ ਸਾਡੇ ਸਮਾਜ ਦੀ ਦਿਮਾਗੀ ਸੜੇਹਾਨ ਦੂਰ ਹੁੰਦੀ ਹੈ।

ਇਸ ਵਿਚ ਕੋਈ ਸ਼ੱਕ ਨਹੀ ਕਿ ਤੀਖਣ ਬੁੱਧੀ ਵਾਲੇ ਲੋਕਾਂ ਕੋਲ ਹੀ ਪਾਰਖੂ ਨੱਜ਼ਰਾਂ ਹੁੰਦੀਆਂ ਹਨ ,ਉਹ ਹਰ ਅੱਣਸੁਭਾਵਕ ਘਟਨਾਂ ਅਤੇ ਪਰਿਵਰਤਨ ਨੂੰ ਆਪਣੇ ਦਿਮਾਗ ਦੀ ਘਸਵੱਟੀ ਤੇ ਝੱੜਾ ਲੈਦੇ ਹੱਨ,ਅਤੇ ਫਿਰ ਭਾਰੇ ਤੇ ਹੌਲੇ ਦਾ ਫੈਸਲਾ ਕਰਦੇ ਹੱਨ। ਜਿਥੇ ਆਮ ਲੋਕ, ਭੱਜ ਦੌੜ ਦੀ ਜਿੰਦਗੀ ਵਿਚ ਜਿਨਾਂ ਚੀਜਾਂ ਤੇ ਪੈਰ ਰੱਖ ਕੇ ਲੰਘ ਜਾਦੇ ਹੱਨ ਅੰਜੂ ਉਹਨਾਂ ਦੀ ਗਹਿਰਾਈ ਨੂੰ ਮਾਪਣ ਅਤੇ ਨਾਪਣ ਦੀ ਕੋਸਿਸ਼ ਕਰਦੀ ਹੈ।ਤੁਰੀ ਜਾਦੀ ਦੇ ਸਿਰ ਉਤੇ ਸੌਚਾਂ ਦੀਆਂ ਡਾਰਾਂ ਉਡਦੀਆ ਹੱਨ।ਫਿਰ ਉਨ੍ਹਾਂ ਚ ਇਕ ਸੋਚ ਫੱੜ ਕੇ ਸੋਚਦੀ ਹੈ ਏਦਾਂ ਕਿਉ ਵਾਪਰਦਾ ਹੈ।ਬਿਲਕੁਲ ਬੱਚੇ ਦੀ ਤਰਾਂ ਜਾਨਣ ਦੀ ਜਿਗਿਆਸਾ ।

ਅੰਜੂ ਆਮ ਔਰਤਾਂ ਤੋ ਅਲੱਗ ਤੇ ਬਿਲਕੁਲ ਉਲਟ ਸੋਚਦੀ ਹੈ।ਇਸ ਦੀ ਲੇਖਣੀ ਵਿਚ ਸੋਚਾਂ ਦਿਆਂ ਹੁੰਝਾਂ ਜਰਾ ਹੱਟ ਕੇ ਹੁੰਦਿਆਂ ਹੱਨ। ਲੱਫ਼ਜਾਂ ਦੇ ਤੀਰ ਪੜਨ ਵਾਲੇ ਦੇ ਦਿਲ ਨਾਲ ਖਹਿ ਕੇ ਲੰਘਦੇ ਹਨ ਅਤੇ ਢੌਂਗੀ ਸਮਾਜ ਦੇ ਕੁਚੱਜ ਦਾ ਘੜਾ ਚੌਂਕ ਵਿਚ ਭੱਜਦਾ ਹੈ।ਬਹੁ-ਰੂਪੀਏ ਤੇ ਬੇਸ਼ਰਮ ਸਮਾਜ ਨੂੰ ਸ਼ਰਮਸ਼ਾਰ ਕਰਨ ਦੀ ਹਿੰਮਤ ਇਸ ਦੀ ਨਿਧੜਕ ਲੇਖਣੀ ਵਿਚ ਹੈ,ਏਸੇ ਕਰਕੇ ਅੰਜੂ ਸਰਮਾਂ ਦੀਆਂ ਸੋਚਾ ਦੇਸ਼ ਵਿਦੇਸ਼ਾਂ ਦੇ ਪੇਪਰਾਂ ਵਿਚ ਛਪਦੀਆਂ ਰਹਿੰਦੀਆਂ ਹਨ ।ਇਸ ਦੀ ਹੱਰ ਰੱਚਨਾਂ ਸ਼ੀਸ਼ਾ ਬੱਣ ਕੇ ਫਰੇਬੀ ਸਮਾਜ ਨੂੰ ਉਸ ਦਾ ਅਸਲੀ ਚਿਹਰਾ ਦਿਖਾਉਦੀ ਹੈ।ਇਹ ਦੂਸਰੀ ਵੀਨਾਂ ਸ਼ਰਮਾਂ ਹੈ ਉਸ ਵਾਗੂੰ ਹੀ

ਇਹ ਵਿਵਰਜਤ ਗੱਲਾਂ ਨੂੰ ਸੋਹਣੇ ਲੱਫ਼ਜਾਂ ਦੀ ਪੌਸ਼ਾਕ ਪਾ ਕੇ ਪਾਠਕਾਂ ਅਗੇ ਪਰੋਸਣ ਦੀ ਮੁਹਾਰਤ ਰੱਖਦੀ ਹੈ।ਤੁਸੀ ਇਸ ਦੀ ਕੋਈ ਵੀ ਕਵਿਤਾ ਜਾਂ ਕਹਾਣੀ ਪੜੋਗੇ ਤਾਂ ਉਹ ਤੁਹਾਨੂੰ ਸੋਚਣ ਲਈ ਮਜਬੂਰ ਕਰ ਦੇਵੇਗੀ

ਅੰਜੂ ਸ਼ਰਮਾਂ ਦੀਆਂ ਰੱਗਾਂ ਵਿਚ ਕਸ਼ਤ੍ਰਿਆਂ ਦਾ ਖ਼ੂਨ ਹੈ ਤੇ ਲੇਖਣੀ ਧੜੱਲੇਦਾਰ ਦਾਰ ਜੱਟਿਆਂ ਵਰਗੀ,ਬੋਲਚਾਲ ਵਿਚ ਮਰਦਾ ਵਾਲਾ ਰੋਹਬ ਹੈ।ਬਹੁਤ ਸਾਰੇ ਸੱਭਿਆਚਾਰਕ ਪ੍ਰੋਗਰਾਮਾਂ ਵਿਚ ਮੈ ਅੰਜੂ ਨੂੰ ਔਰਤਾਂ ਦੀ ਬਜਾਏ ਮਰਦਾਂ ਚ ਬੈਠੇ ਹੋਏ ਵੇਖਿਆ, ਉਹ ਮਰਦਾਂ ਦੇ ਸਮੂਹ ਨੂੰ ਬਿਨ੍ਹਾਂ ਕਿਸੇ ਝਿਜਕ ਦੇ ਅੱਖਾਂ ਵਿਚ ਅੱਖਾਂ ਪਾ ਕੇ ਰੋਹਬਦਾਰ ਲਫ਼ਜਾਂ ਵਿਚ ਸਚਾਈ ਦੀ ਹਕੀਕਤ ਤੋ ਜਾਣੂ ਕਰਵਾ ਸਕਦੀ ਹੈ।ਯੌਰਪੀਅਨ ਲੋਕ ਜਿਨ੍ਹਾਂ ਉਸ ਨੂੰ ਅਕਸਰ ਰੇਡੀਉ ਤੇ ਸੁਣਿਐ ਹੈ ਉਹ ਸੱਭ ਅੰਜੂ ਦੇ ਆਤਮਵਿਸ਼ਵਾਸ਼ ਨੂੰ ਜਾਣਦੇ ਹੱਨ।ਜਿੰਦਗੀ ਦੀਆਂ ਦੁਸ਼ਵਾਰੀਆਂ ਦਾ ਸਾਹਮਣਾ ਕਰਦਿਆਂ ਹੋਇਆਂ ਵੀ ਮੈ ਉਸ ਨੂੰ ਹਮੇਸ਼ਾ ਚੜ੍ਹਦੀ ਕੱਲਾ ਚ ਵੇਖਿਆਂ ਹੈ।ਓਲਡ ਹੋਮ ਵਿਚ ਪੂਰੀ ਡਿਊਟੀ ਦੇ ਕੇ ਫਿਰ ਸਿਧਾ ਆਪਨੇ ਰੈਸਟੋਰੈਟ ਵਿਚ ਜਾਣਾਂ ਹੱਰ ਰੋਜ ਚੌਦਾਂ ਪੰਦਰਾਂ ਘੰਟੇ ਕੰਮ ਕਰਨਾਂ ਘੱਰ ਦਾ ਕੰਮ ਵੀ ਕਰਨਾਂ ਪੜਨਾਂ ਤੇ ਲਿਖਣਾਂ ਵੀ ਮੈ ਫੂਨ ਤੇ ਇਕ ਵਾਰ ਪੁੱਛਿਆ ਅੰਜੂ ਤੇਰੀਆਂ ਲੱਤਾਂ ਨਹੀ ਥੱਕਦਿਆਂ ਅਗੋ ਹੱਸ ਕੇ ਜੁਆਬ ਦਿਤਾ ਨਹੀ ਕਿਉਕੇ ਮੈ ਲੱਤਾਂ ਵਿਚ ਸਰਇਏ ਪਵਾਏ ਹੋਏ ਹੱਨ।ਤੇ ਮੈਨੂੰ ਲਾਇਨਾਂ ਯਾਦ ਆਇਆਂ ਜੋ ਮੈ ਆਪਣੀ ਕਵਿਤਾ ਚ ਲਿਖਿਆਂ ਸਨ ਅੰਜੂ ਸ਼ਰਮਾਂ ਦੇ ਨਾਮ।

ਪੰਜਾਬੀ ਲੋਹੇ ਵਰਗੇ ਕਾਮੇ ਨੇ,
ਬੰਦੇ ਬਹਾਦਰ ਵਰਗੇ ਬੰਦੇ ਨੇ

ਇਹ ਰੰਕ ਤੋ ਰਾਜਾ ਬਣ ਜਾਦੇ,
ਹਰ ਮੁਲਕ ਇਨ੍ਹਾਂ ਦੇ ਝੰਡੇ ਨੇ

ਅੰਤ ਵਿਚ ਅੰਜੂ ਸ਼ਰਮਾਂ ਜੀ ਦੀ ਬੁਲੰਦੀ ਅਤੇ ਚੱੜਦੀ ਕਲਾ ਵਾਸਤੇ ਪੁਤਰਾਂ ਦੇ ਦਾਨੀ ਅਗੇ ਅਰਦਾਸ।

ਸੁੱਚਾ ਸਿੰਘ ਬਾਜਵਾ

ਇਕ ਖਿਆਲ

ਮੇਰੇ ਖਿਆਲ ਮੁਤਾਬਕ ਜਿੰਦਗੀ ਦਾ ਅਸਲ ਭੇਤ ਸਾਡੀ ਜਿੰਦਗੀ ਵਿੱਚ ਜੋ ਕੁਝ ਚੰਗਾ ਮਾੜਾ ਜੋ ਕੁਝ ਵੀ ਵਾਪਰਦਾ ਹੈ, ਉਸੇ ਵਿੱਚ ਛੁਪਿਆ ਹੁੰਦਾ ਹੈ।ਬੱਸ ਜਰੂਰਤ ਹੁੰਦੀ ਹੈ ਠਰ੍ਹੰਮੇ ਨਾਲ ਉਸ ਘਟਨਾ ਨੂੰ ਪੜਤਾਲਣ ਦੀ। ਜਰੂਰਤ ਹੁੰਦੀ ਹੈ ਵਾਪਰੀ ਅਣਗਹਿਲੀ ਦੀ ਜਾਂ ਜਿੱਤ ਦੀ ਕਾਮਯਾਬੀ ਪਿੱਛੇ ਕੀਤੇ ਸੰਘਰਸ਼ ਬਾਰੇ ਸੋਚਣ ਦੀ।ਸੋ ਇਸੇ ਤਰਾਂ ਦੇ ਕੁਝ ਖੱਟੇ ਮਿੱਠੇ ਤਜਰਬਿਆਂ ਨੂੰ ਹੰਢਾਉਂਦੀ ਹੋਈ ਨੇ ਜਿੰਦਗੀ ਦੀ ਰਮਜ ਸਮਝਣ ਦੀ ਰਤਾ ਕੁ ਕੋਸ਼ਿਸ਼ ਕੀਤੀ ਹੈ।ਆਪਣੇ ਆਪ ਨੂੰ ਰਤਾ ਕੁ ਸੁਣਨ ਦੀ ਕੋਸ਼ਿਸ਼ ਕੀਤੀ ਹੈ। ਕਿ ਅਸਲ ਵਿੱਚ ਮੈਂ ਸੋਚਦੀ ਕੀ ਹਾਂ? ਜਰੂਰੀ ਨਹੀਂ ਹੈ ਕਿ ਜੋ ਮੈਂ ਸੋਚਦੀ ਹੋਵਾ ਉਹ ਹੀ ਤੁਸੀਂ ਵੀ ਸੋਚਦੇ ਹੋਵੋ।ਹਰ ਇਨਸਾਨ ਦਾ ਆਪਣੀ ਆਪਣੀ ਜਿੰਦਗੀ ਅਤੇ ਜਿੰਦਗੀਆਂ ਰਾਹਾਂ ਨਾਲ ਵੱਖੋ ਵੱਖਰਾ ਵਾਹ ਪੈਂਦਾ ਹੈ।ਕੋਈ ਜਿੰਦਗੀ ਨੂੰ ਸਮਾਜ ਨੂੰ ਦੁਨੀਆਂ ਨੂੰ ਕਾਇਨਾਤ ਨੂੰ ਘਰਾਖੀਆਂ ਕੱਢ ਕੇ ਦੇਖਦੇ ਹਨ ਕਿ ਇਸ ਨੇ ਸਾਨੂੰ ਅੱਜ ਤੱਕ ਦਿੱਤਾ ਹੀ ਕੀ ਹੈ ।ਅਤੇ ਕਈ ਪਹਿਲਾ ਇਸੇ ਸ਼ੈ ਨਾਲ ਜਰਾ ਕੁ ਗੁੱਸੇ ਹੁੰਦੇ ਹਨ ਫਿਰ ਉਸ ਨੂੰ ਲਾਡਲੀ ਧੀ ਵਾਂਗਰ ਪਲੋਸਦੇ ਹਨ ਅਤੇ ਪਿਆਰ ਕਰਦੇ ਹਨ।ਸੋ ਹਰ ਕਿਸੇ ਦਾ ਸੋਚਣ ਦਾ ਵੱਖੋ ਵੱਖਰਾ ਨਜਰੀਆ ਹੈ ਪਰ ਹਾਂ ਮੈਂ ਇਹ ਜਰੂਰ ਕਹਾਂਗੀ ਜੋ ਵੀ ਸਾਡੇ ਨਾਲ ਵਾਪਰਦਾ ਹੈ ਉਸਨੂੰ ਕਦੇ ਅਣਗੌਲਿਆ ਨਾ ਕਰੋ।ਉਸ ਕਾਰਨ ਨੂੰ ਨਜਦੀਕੀ ਦੀਆਂ ਐਨਕਾਂ ਲਗਾ ਕੇ ਦੇਖੋ । ਬਹੁਤ ਸਵਾਲ ਜਵਾਬ ਨਜਰ ਆਉਣਗੇ। ਫਿਰ ਜਿੰਦਗੀ ਨੂੰ ਹੰਢਾਉਣਾ ਸੌਖਾ ਅਤੇ ਦਿਲਚਸਪ ਹੋ ਜਾਵੇਗਾ।ਇਸੇ ਸੋਚਾਂ ਰਾਹੀਂ ਮੈਂ ਆਪਣੇ ਮਨ ਦੇ ਖਿਆਲ ਕਿਤਾਬ''ਸੋਚਾਂ ਦੀ ਸਰਗਮ'' ਰਾਹੀਂ ਆਪਣੇ ਪਾਠਕਾਂ ਨਾਲ ਸਾਂਝੇ ਕਰਨ ਦੀ ਕੋਸ਼ਿਸ਼ ਕੀਤੀ ਹੈ।ਮੈਨੂੰ ਉਮੀਦ ਹੈ ਤੁਸੀਂ ਕਿਤੇ ਨਾ ਕਿਤੇ ਮੇਰੇ ਨਾਲ ਸਹਿਮਤ ਜਰੂਰ ਹੋਵੋਗੇ

ਨਾਲ ਹੀ ਨਾਲ ਮੈਨੂੰ ਇਸ ਗੱਲ ਦੀ ਵੀ ਖੁਸ਼ੀ ਹੋ ਰਹੀ ਹੈ ਕਿ ਮੇਰੀ ਕਿਤਾਬ''ਸੋਚਾਂ ਦੀ ਸਰਗਮ''ਜਿਸ ਦਾ ਨਾਂ ਸਤਿਕਾਰ ਯੋਗ ਭਾਅਜੀ ਜਨਮੇਜਾ ਜੀ ਨੇ ਹੀ ਦਿੱਤਾ ਹੈ।ਉਹਨਾਂ ਨੇ ਮੇਰੀਆਂ ਲਿਖਤਾਂ ਨੂੰ ਛਾਪਣ ਦਾ ਅਤੇ ਸੋਧ ਕਰਨ ਦਾ ਜਿਮਾਂ ਵੀ ਲਿਆ ਹੈ।

ਮੈਂ ਇਸ ਗੱਲ ਦਾ ਜਨਮੇਜਾ ਭਾਅ ਜੀ ਦਾ ਧੰਨਵਾਦ ਕਰਦੀ ਹਾਂ, ਅਤੇ ਨਾਲ ਹੀ ਨਾ ਆਪਣੇ ਪਾਠਕਾਂ ਦੇ ਹੁੰਗਾਰੇ ਦੀ ਉਡੀਕ ਕਰਾਂਗੀ ਕਿ ਤਾਂ ਅਗਲੇ ਸਮੇਂ ਵਿੱਚ ਕੁਝ ਬਿਹਤਰ ਲਿਖਣ ਦੀ ਕੋਸ਼ਿਸ਼ ਕਰ ਸਕਾਂ। ਤੁਹਾਡੀਆਂ ਸੁੱਖਾਂ ਖੈਰਾ ਮੰਗਦੀ ਹੋਈ।

ਅੰਜੂਜੀਤ ਸ਼ਰਮਾ ਜਰਮਨੀ
Anju jit sharma
Elbe-str 17
27283 Verden Aller
Germany
Mob Nr 0049 15165113297
E-mail Anju.jit@gmx.de

***ਕਵੀ ਨੂੰ ਸਭ ਤੋਂ ਜ਼ਿਆਦਾ ਖੁਸ਼ੀ ਉਦੋਂ ਹੁੰਦੀ ਹੈ ਜਦੋਂ ਉਸ ਦੀ ਕਵਿਤਾ ਮੁਕੰਮਲ ਹੁੰਦੀ ਹੈ।

**ਕਦੇ ਕਦੇ ਇਹ ਧੀ ਰੂਪੀ ਕਵਿਤਾ ਕਵੀ ਦੇ ਗਰਭ ਵਿੱਚੋਂ ਕੂਲੇ ਨਰਮ ਅੰਗ ਪੈਰਾਂ ਨਾਲ ਸੰਪੂਰਨ ਬਣ ਕੇ ਜਨਮ ਲੈਂਦੀ ਹੈ ਅਤੇ ਕਵੀ ਸਿਰਫ ਉਸਦਾ ਨਾਂ ਹੀ ਰੱਖਦਾ ਹੈ।

* ਕਵੀ ਨੂੰ ਆਪਣੀਆਂ ਲਿਖਤਾਂ ਇੰਝ ਪਿਆਰੀਆਂ ਹੁੰਦੀਆਂ ਹਨ। ਜਿਵੇਂ ਮਾਂ-ਬਾਪ ਨੂੰ ਬੱਚੇ।

***ਜ਼ਿਆਦਾ ਤਰ ਕਵੀ ਆਪਣੇ ਵਿਚਾਰਾਂ ਦੀ ਮਿੱਟੀ
ਆਪ ਤਿਆਰ ਕਰਕੇ ਭਾਵਨਾਵਾਂ ਦੇ ਪਾਣੀ
ਨਾਲ ਗੁੰਨ੍ਹ ਕੇ ਕਵਿਤਾ ਦੇ ਕੋਮਲ ਕੋਮਲ ਹੱਥ
ਪੈਰ ਸਿਰਜਦਾ ਹੈ ਅਤੇ ਇਸ ਸਿਰਜਣਾ
ਵਾਸਤੇ ਕਵੀ ਦੇ ਕਈ ਕਈ ਦਿਨ ਲੱਗ ਜਾਂਦੇ
ਹਨ, ਜਿੰਨਾ ਉਹ ਆਪਣੀ ਕਵਿਤਾ ਦਾ ਨੁਹਾਰ
ਸਿਰਜਦਾ ਹੈ ਉਨੀ ਉਸਦੀ (ਕਵੀ) ਦੀ ਤੜਫ
ਵੱਧਦੀ ਜਾਂਦੀ ਹੈ ਜਿਵੇਂ ਇੱਕ ਮਾਂ ਜੰਮਣ
ਪੀੜਾਂ ਝੱਲ ਕੇ ਔਲਾਦ ਜੰਮਦੀ ਹੈ ਅਤੇ ਉਸ
ਨੂੰ ਦੇਖਣ ਲਈ ਮਾਂ ਦੀ ਤੜਫ ਵਧਦੀ ਜਾਂਦੀ
ਹੈ। ਇਸੇ ਤਰਾਂ ਕਵੀ ਆਪਣੇ ਖ਼ੂਨ ਨਾਲ
ਆਪਣੇ ਜ਼ਜਬਾਤਾਂ ਨਾਲ ਕਵਿਤਾ ਨੂੰ ਜਨਮ
ਦਿੰਦਾ ਹੈ

***ਜਿੰਦਗੀ ਹਮੇਸ਼ਾ ਤਰਤੀਬ ਵਾਰ ਚੱਲਦੀ ਹੈ। ਇਹ ਬੇਤਰਤੀਬ ਉਦੋਂ ਚੱਲਦੀ ਹੈ ਜਦੋਂ ਅਸੀਂ ਅਣਗਹਿਲੀ ਵਰਤਦੇ ਹਾਂ।

***ਅਸੀਂ ਆਪਣੀ ਜਿੰਦਗੀ ਦੇ ਪਲਾਂ ਨੂੰ ਸੁਆਦਲਾ ਜਾਂ ਬੇਸੁਆਦਲਾ ਬਣਾਉਣ ਵਾਲੇ ਬਾਵਰਚੀ ਹਾਂ। ਆਪਣੇ ਹਿੱਸੇ ਦੇ ਇੱਕ ਇੱਕ ਪਲ ਨੂੰ ਪਿਆਰ ਨਾਲ ਆਪਣੀ ਥਾਲੀ ਵਿੱਚ ਪਰੋਸੋ । ਬੇਸ਼ੱਕ ਉਹ ਪਲ ਰੁੱਖੇ ਮਿੱਸੇ ਹੀ ਕਿਉਂ ਨਾਂ ਹੋਣ। ਰੁੱਖੇ ਅਤੇ ਸੌੜੇ ਦਿਨਾਂ ਉੱਤੇ ਅਫਸੋਸ ਨਾ ਕਰੋ ਅਤੇ ਨਾ ਹੀ ਦੂਜੇ ਦੀ ਥਾਲੀ ਵੱਲ ਇਹ ਸੋਚ ਕੇ ਝਾਕੋ ਕਿ ਉਹ ਕਿੰਨੇ ਖੁਸ਼ ਨਸੀਬ ਹਨ ਜਿਹੜੇ ਕਿੰਨੇ ਅਨੰਦ ਨਾਲ ਜਿੰਦਗੀ ਦਾ ਮਜਾ ਚੱਖ ਰਹੇ ਹਨ। ਇਹ ਉਹਨਾਂ ਦਾ ਭੋਜਨ ਹੈ । ਤੁਸੀਂ ਆਪਣੇ ਹਿੱਸੇ ਦਾ ਮਜ਼ਾ ਚੱਖੋ ਕਿਉਂਕਿ ਤੁਸੀਂ ਖੁਦ ਆਪਣੇ ਸੁਆਦਲੇ ਅਤੇ ਬੇਸੁਆਦਲੇ ਪਲਾਂ ਦੇ ਬਾਵਰਚੀ ਹੋ।

***ਅਸੀਂ ਜਦ ਆਪਣੇ ਅੰਦਰਲੇ ਚੰਗੇ ਵਿਚਾਰਾਂ ਦੀ
ਚੰਗੀ ਸੋਚ ਦੇ ਸਾਹ ਬਾਹਰ ਕੱਢਦੇ ਹਾਂ ਤਾਂ
ਸਾਡਾ ਆਲੇ-ਦੁਆਲੇ ਵਿੱਚ ਇੱਕ ਮਹਿਕ,
ਇੱਕ ਸੁਗੰਧੀ ਜਿਹੀ ਫੈਲ ਜਾਂਦੀ ਹੈ.ਉਸ
ਸੁਗੰਧੀ ਨੂੰ ਸੁੰਘਦੇ ਹਰ ਕੋਈ ਤੁਹਾਡੇ ਤੀਕਰ
ਤੁਹਾਡੀ ਮਹਿਕ ਭਰੇ ਬਾਗ ਵਿੱਚ ਪੁਹੰਚ ਜਾਂਦਾ
ਹੈ.ਜਿਸ ਬਾਗ ਦੀ ਖੁਸ਼ਬੋ ਮਹਿੰਗੇ ਤੋਂ ਮਹਿੰਗੇ
ਇਤਰਦਾਨਾ ਦੀ ਖੁਸ਼ਬੂ ਅੱਗੇ ਫਿੱਕੀ ਹੁੰਦੀ ਹੈ।

*** ਅਸੀਂ ਜੋ ਕੁਝ ਵੀ ਹੁੰਦੇ ਹਾਂ ਸਾਨੂੰ ਆਪਣੇਚੰਗੇ
ਅਤੇ ਮਾੜੇ ਪੱਖ ਦਾ ਜਾਂ ਮਾੜੇ ਸੁਭਾਅ ਦੇ
ਬਾਰੇ ਬਹੁਤ ਚੰਗੀ ਤਰਾਂ ਪਤਾ ਹੁੰਦਾ ਹੈ, ,
ਪਰ ਅਸੀਂ ਫਿਰ ਵੀ ਆਪਣੇ ਮੂੰਹੋਂ ਆਪੇ
ਮੀਆਂ ਮਿੱਠੂ ਬਣ ਕੇ ਆਪਣੇ ਮਾੜੇ ਪੱਖ ਨੂੰ
ਲਕਾਉਂਦੇ ਰਹਿੰਦੇ ਹਾਂ ।

***ਜਿੰਦਗੀ ਨੂੰ ਹਮੇਸ਼ਾ ਆਪਣੇ ਤੋਰ ਤਰੀਕੇ ਨਾਲ
ਜਿਉਂ ਕਿਉਂਕਿ ਇਹ ਤੁਹਾਡੀ ਆਪਣੀ ਨਿੱਜੀ
ਜਾਇਦਾਦ ਹੈ। ਪਰ ਇਸ ਗੱਲ ਦਾ ਖਿਆਲ
ਰੱਖੋ ਕਿ ਤੁਹਾਡੀ ਅਜਾਦੀ ਤੁਹਾਡੇ ਤੌਰ ਤਰੀਕੇ
ਕਿਸੇ ਨੂੰ ਨੁਕਸਾਨ ਪੁਚਾਉਣ ਵਾਲੇ ਨਾ ਹੋਣ।

***ਕਦੇ ਵੀ ਇਹ ਨਾ ਸੋਚੋ ਕਿ ਜਿੰਦਗੀ ਤਾਂ ਉਸ ਉੱਲਰੇ ਹੋਏ ਬਦਲ ਦੀ ਤਰਾਂ ਹੈ ਜਿਹੜਾ ਪਤਾ ਨਹੀ ਕਦ ਤੁਹਾਡੇ ਉੱਪਰ ਡਿੱਗ ਜਾਵੇਗਾ ਅਤੇ ਤੁਹਾਨੂੰ ਮਿੱਧ ਦੇਵੇਗਾ। ਇਸ ਤਰਾਂ ਦਾ ਡਰ ਮਨ ਵਿੱਚੋਂ ਕੱਢ ਕੇ ਰੰਗਾਂ ਭਰੇ ਅਸਮਾਨੀ ਪੀਂਘ ਦਾ ਝੂਲਾ ਝੂਟੋ। ਜਿੰਦਗੀ ਸੋਹਣੀ ਲੱਗਣ ਲੱਗ ਜਾਵੇਗੀ ਜਿੰਦਗੀ ਨਾਲ ਦੋਸਤੀ ਪੈ ਜਾਵੇਗੀ।

***ਤੁਸੀਂ ਜਿੰਦਗੀ ਦੇ ਇਕ ਐਸੇ ਪੁੜਾਅ ਵਿੱਚ ਹੋ
ਜਿਸ ਪੁੜਾਅ ਵਿੱਚ ਪੁਹੰਚੇ ਕੇ ਜਿੰਦਗੀ ਦੇ
ਵਾਲ ਸਫੈਦ ਹੋ ਜਾਂਦੇ ਹਨ ਅਤੇ ਸਮਾਜ ਸਾਥੋਂ
ਚੰਗੀਆਂ ਅਕਲਾਂ, ਮਤਾਂ, ਚੰਗੀਆਂ ਸੋਚਾਂ
ਵਿਚਾਰਾਂ ਅਤੇ ਜਿੰਦਗੀ ਦੀਆਂ ਸੰਜੀਦਗੀ
ਭਰੀਆਂ ਗੱਲਾਂ ਸੁਣਨ ਦੀ ਆਸ ਰੱਖਦਾ ਹੈ।
ਪਰ ਤੁਹਾਨੂੰ ਇਸੇ ਉਮਰੇ ਕਿਸੇ ਨਾਲ ਪਿਆਰ
ਹੋ ਜਾਂਦਾ ਹੈ। ਤੁਹਾਨੂੰ ਉਹ ਸ਼ਖਸ ਸੋਹਣਾ
ਲੱਗਦਾ /ਲੱਗਦੀ ਹੈ। ਤੁਸੀਂ ਉਸ ਬਾਰੇ ਸੋਚਣਾ
ਸ਼ੁਰੂ ਕਰ ਦਿੰਦੇ ਹੋ ਐਨ ਉਸੇ ਤਰਾਂ ਜਿਵੇਂ
ਜਵਾਨੀ ਦੀ ਗਰਮ ਜੋਸ਼ੀ ਭਰੇ ਸਾਹਾਂ ਵੇਲੇ।
ਪਰ ਤੁਸੀਂ ਆਪਣੇ ਜਜਬਾਤਾਂ ਨੂੰ ਭਾਵਨਾਵਾਂ ਨੂੰ
ਲਕੋ ਰਹੇ ਹੋ। ਇਸ ਡਰ ਤੋਂ ਕਿ ਜਮਾਨਾ
ਤੁਹਾਡੇ ਬਾਰੇ ਕੀ ਸੋਚੇਂਗਾ । ਕਿ ਲਓ ਜੀ !
ਆਹ ਵੀ ਕੋਈ ਉਮਰ ਹੈ ਪਿਆਰ ਕਰਨ
ਦੀ। ਇਸ ਵਿੱਚ ਤੁਸੀਂ ਬੁਰਾ ਕੀ ਕਰ ਰਹੇ
ਹੋ? ਕਿਸੇ ਨੂੰ ਪਿਆਰ ਹੀ ਤਾਂ ਕਰ ਰਹੇ ਹੋ

ਨਾ! ਜਮਾਨੇ ਦੀ ਪਰਵਾਹ ਨਾ ਕਰੋ। ਤੁਹਾਨੂੰ ਜੋ ਚੰਗਾ ਲੱਗਦਾ ਹੈ ਕਰੋ। ਕਿਉਂਕਿ ਪਿਆਰ ਕਰਨਾ ਤੁਹਾਡਾ ਹੱਕ ਹੈ ਨਫਰਤ ਕਰਨਾ ਨਹੀਂ ਹੈ।

***ਤੁਸੀਂ ਬਿਨਾ ਬੋਲਿਆਂ ਕਿਸੇ ਦੂਜੇ ਵਿਅਕਤੀ ਬਾਰੇ ਖਮੋਸ਼ੀ ਵਿੱਚ ਚੰਗਾ ਮਾੜਾ ਜੋ ਵੀ ਸੋਚਦੇ ਹੁੰਦੇ ਹੋ। ਐਨ ਉਹ ਵੀ ਤੁਹਾਡੇ ਬਾਰੇ ਉਸੇ ਤਰਾਂ ਦਾ ਸੋਚਦਾ ਹੁੰਦਾ ਹੈ।

***ਅਸੀਂ ਕਦੇ ਕਦੇ ਤਲਵਾਰ ਰੂਪੀ ਮਜਬੂਰੀ ਅੱਗੇ ਆਪਣੇ ਹੱਥੀਂ ਆਪੇ ਵੱਢੇ ਟੁੱਕੇ ਜਾਂਦੇ ਹਾਂ ਕਿ ਆਉਣ ਵਾਲੇ ਸਮੇਂ ਸਾਹਮਣੇ ਅਪੰਗ ਜਿਹੇ ਹੋ ਕੇ ਹਾਏ ਹਾਏ ਕਰਦੇ ਜਖਮੀ ਹਾਲਤ ਵਿੱਚ ਤੁਰਦੇ ਰਹਿੰਦੇ ਹਾਂ।

***ਤੁਸੀਂ ਉਸ ਵਕਤ ਕੀ ਕਰੋਗੇ ਜਦੋਂ ਤੁਹਾਡਾ ਬੇਟਾ ਤੁਹਾਡੇ ਕੋਲੋਂ ਮੁੰਡਿਆਂ ਦੇ ਖਲੋਣੇ ਮੰਗਣ ਦੀ ਬਜਾਏ ਕਿਸੇ ਗੁੱਡੀ ਪਟੋਲ੍ਹੇ ਦੀ ਮੰਗ ਕਰੇ? ਉਸ ਵਕਤ ਤੁਸੀਂ ਕੀ ਕਰੋਗੇ ਜਿਸ ਵਕਤ ਤੁਹਾਡਾ ਬੇਟਾ, ਪੈਂਟ ਨਿੱਕਰ ਸ਼ਲਟ ਪਾਉਣ ਦੀ ਬਜਾਏ ਫਰਾਕ ਪਾਉਣ ਦੀ ਮੰਗ ਕਰੇ? ਉਸ ਵਕਤ ਤੁਸੀਂ ਕੀ ਕਰੋਗੇ ਜਦ ਤੁਹਾਡਾ ਬੇਟਾ ਕੁੜੀਆਂ ਵਾਂਗ ਬੈਠਣਾ ਉੱਡਣਾ ਅਤੇ ਉਨ੍ਹਾਂ ਨਾਲ ਖੇਲਣਾ ਪਸੰਦ ਕਰੇ? ਕੀ ਕਰੋਗੇ ? ਬੇਟੇ ਨੂੰ ਕੁੱਟੋਗੇ ? ਝਿੜਕੋਗੇ ? ਜਾਂ ਉਸ ਨੂੰ ਇਹ ਕਹਿ ਕਹਿ ਕੇ ਸ਼ਰਮਿੰਦਾ ਕਰੋਂਗੇ ਕਿ, ‘‘ਤੂੰ ਲੜਕਾ ਹੈਂ ਤੈਨੂੰ ਸ਼ਰਮ ਨਹੀਂ ਆਉਂਦੀ ਲੜਕੀਆਂ ਵਾਲੀਆਂ ਚੀਜਾਂ ਨੂੰ ਪਸੰਦ ਕਰਦੇ ਨੂੰ’’ ਜਾਂ ਫਿਰ ਤੁਸੀਂ ਉਸ ਦੇ ਹੱਥੋਂ ਗੁੱਡੀ ਪਟੋਲੇ ਫੜ ਕੇ ਕਿੱਧਰੇ ਸੁੱਟ ਦੇਵੋਂਗੇ ਅਤੇ ਉਸਨੂੰ ਇਸ ਤਰਾਂ ਨਾ ਕਰਨ ਲਈ ਖਬਰਦਾਰ ਕਰੋਂਗੇ? ਤੁਸੀਂ ਜੋ ਵੀ ਕਰੋਂਗੇ ਉਸ

ਉੱਪਰ ਜੁਲਮ ਅਤੇ ਉਸਦੀਆਂ ਭਾਵਨਾਵਾਂ ਨੂੰ ਕਮਜੋਰ ਅਤੇ ਹੀਣ-ਭਾਵਨਾ ਭਰਿਆ ਬਣਾਓਗੇ । ਇਸ ਵਕਤ ਤੁਹਾਨੂੰ ਜਰੂਰਤ ਹੈ ਬੱਚੇ ਦੇ ਮਨੋਵਿਗਿਆਨ ਨੂੰ ਸਮਝਣ ਦੀ। ਉਸ ਦੀ ਮਦਦ ਕਰਨ ਦੀ। ਉਸ ਅੰਦਰ ਪੈਦਾ ਹੋਈ ਹੀਣ ਭਾਵਨਾ ਦੀ ਕਿ ਮੈਂ ਲੜਕਾ ਕਿਉਂ ਹਾਂ ਲੜਕੀ ਕਿਉਂ ਨਹੀਂ। ਕਿਉਂਕਿ ਬਾਹਰ ਸਮਾਜ ਉਸ ਨੂੰ ਬੁਰਾ ਕਹੇ ਸਭ ਤੋਂ ਪਹਿਲਾਂ ਮਾਪੇ ਐਸੀ ਹਰਕਤਾਂ ਵਾਲੇ ਬੱਚੇ ਨੂੰ ਘਰ ਵਿੱਚ ਹੀ ਅਸਵੀਕਾਰ ਕਰਨਾ ਸ਼ੁਰੂ ਕਰ ਦਿੰਦੇ ਹਨ। ਉਸ ਨੂੰ ਤਾਨੇ ਦੇ ਕੇ ਸ਼ਰਮਿੰਦਾ ਅਤੇ ਦੋਸ਼ੀ ਦੱਸਣਾ ਸ਼ੁਰੂ ਕਰ ਦਿੰਦੇ ਹਨ। ਆਪਣੇ ਬੱਚੇ ਨੂੰ ਬਜਾਏ ਇਹੇ ਝਿੜਕ ਕੇ ਦੱਸਣ ਦੀ ਕਿ ਤੂੰ ਤਾਂ ਲੜਕਾ ਹੈ। ਉਸ ਦੇ ਸਰੀਰ ਅਤੇ ਸੁਭਾਅ ਵਿੱਚ ਹੋਏ ਪਰਿਵਰਤਨ ਨੂੰ ਸਮਝਣ ਦੀ ਕੋਸ਼ਿਸ਼ ਕਰੋ। ਉਸ ਦਾ ਸਾਥ ਦੇਵੋ। ਤਾਂ ਕਿ ਉਹ ਜਦੋਂ ਘਰੋਂ ਬਾਹਰ ਸਮਾਜ ਵਿੱਚ

ਦਾਖਲ ਹੋਵੇ ਉਸ ਅੰਦਰ ਨਾ ਕੋਈ ਹੀਣ ਭਾਵਨਾ ਅਤੇ ਨਾ ਹੀ ਖੁਦ ਨੂੰ ਊਣਾ ਮਹਿਸੂਸ ਕਰੇ।

***ਔਰਤ ਦੀ ਤਾਸੀਰ ਧਰਤੀ ਵਾਂਗਰ ਹੈ। ਜਿਹੜੀ
ਆਪਣੇ ਪ੍ਰੇਮੀ ਕਾਇਨਾਤ ਦੇ ਗਰਮ ਅਤੇ
ਸਰਦ ਸੁਭਾਅ ਨੂੰ ਬਰਦਾਸ਼ਤ ਕਰਦੀ ਰਹਿੰਦੀ
ਹੈ। ਔਰਤ ਵੀ ਜਿਸ ਨੂੰ ਪ੍ਰੇਮ ਕਰਦੀ ਹੈ
ਉਸਦੇ ਬੇਰੁਖੇ, ਕੌੜੇ ਬੇਲਿਹਾਜੀ ਸੁਭਾਅ ਭਰੀ
ਬੁਰਾਈ ਨੂੰ ਉਸੇ ਤਰਾਂ ਸਵਿਕਾਰ ਕਰਦੀ ਹੈ
ਜਿਵੇਂ ਉਸਦੇ ਨਿੱਘੇ ਅਤੇ ਪਿਆਰੇ ਦਿਲ ਨੂੰ।
ਪ੍ਰੇਮੀ ਭਾਵੇਂ ਕਿੰਨੀ ਬਦੀਕੀ ਕਰ ਜਾਵੇ ਉਹ
ਉਸਨੂੰ ਮੁਆਫ ਕਰਦੀ ਰਹਿੰਦੀ ਹੈ ।

***ਬਜੁਰਗਾਂ ਦੇ ਚਿਹਰੇ ਦੀਆਂ ਝੁਰੜੀਆਂ ਕਿੰਨੀ ਕੁ
ਭੋਗ ਚੁਕੇ ਉਮਰ ਦੇ ਹਿੰਸਿਆਂ ਦੀ ਨਿਸ਼ਾਨੀ
ਨਹੀਂ ਬਲਕਿ ਜਿੰਦਗੀ ਦੇ ਹੰਢਾਏ ਤਜਰਬਿਆਂ
ਦੀ ਨਿਸ਼ਾਨੀ ਵਾਂਗ ਹੁੰਦੀਆਂ ਹਨ।

**ਬਜੁਰਗਾਂ ਦੇ ਅੱਖਾਂ ਦੇ ਅੱਥਰੂ ਕਦੇ ਝੂਠ
ਨਹੀਂ ਬੋਲਦੇ

***ਤੁਹਾਨੂੰ ਆਪਣੇ ਕਮਜ਼ੋਰ ਬਿੰਦੂ ਦਾ ਬਹੁਤ ਚੰਗੀ ਤਰਾਂ ਪਤਾ ਹੁੰਦਾ ਹੈ। ਇਸ ਬਿੰਦੂ ਨੂੰ ਕਦੇ ਨਜਰ ਅੰਦਾਜ ਨਾ ਕਰੋ ਅਤੇ ਨਾ ਹੀ ਆਪਣੇ ਕਮਜੋਰ ਪੱਖ ਬਾਰੇ ਕਿਸੇ ਨੂੰ ਪਤਾ ਲੱਗਣ ਦਿਉ ਬਸ ਇੱਕ ਗੱਲ ਦਾ ਧਿਆਨ ਰੱਖੋ ਕਿ ਚੁਨੌਤੀਆਂ ਵੇਲੇ ਤੁਸੀਂ ਆਪਣੇ ਕਮਜੋਰ ਪੱਖ ਨੂੰ ਡਰ ਨੂੰ ਆਪਣੇ ਹੌਂਸਲੇ ਉੱਤੇ ਭਾਰੂ ਨਾ ਬਣਨ ਦਿਉ ਨਹੀਂ ਤਾਂ ਦੁਸ਼ਮਣ ਦੀ ਝਪਟ ਤੋਂ ਪਹਿਲਾਂ ਤੁਹਾਡੀ ਕਮਜੋਰੀ ਹੀ ਤੁਹਾਡੇ ਹੌਂਸਲੇ ਨੂੰ ਇੱਲ ਵਾਂਗ ਝਪਟ ਲਵੇਗੀ।

***ਔਰਤ ਨਾਲੋਂ ਜ਼ਿਆਦਾ ਮਰਦ ਰਾਜਨੀਤੀ ਅਤੇ ਰਣਨੀਤੀ ਵਿੱਚ ਬੁੱਧੀਮਾਨ ਅਤੇ ਨਿਪੁੰਨ ਸਾਬਤ ਹੋਇਆ ਹੈ ਐਸੇ ਸੰਘਰਸ਼ਾਂ ਨੂੰ ਲੜਦਿਆਂ ਮਰਦ ਔਰਤ ਨਾਲੋਂ ਜ਼ਿਆਦਾ ਠਰੰਮੇ ਅਤੇ ਸ਼ਹਿਨਸ਼ੀਲਤਾ ਬੁੱਧੀ ਤੋਂ ਕੰਮ ਲੈਂਦਿਆ ਦੋਹਰੀ ਚਾਲ ਅਤੇ ਔਖੀ ਤੋਂ ਔਖੀ ਪ੍ਰਸਥੀਤੀ ਵਿੱਚੋਂ ਵੀ ਨਿਕਲ ਜਾਂਦਾ ਹੈ ਅਤੇ ਆਪਣਾ ਮਾਨਸਿਕ ਸੰਤੁਲਨ ਵੀ ਕਾਇਮ ਰੱਖਦਾ ਹੈ ਜਦ ਕਿ ਔਰਤ ਜ਼ਿਆਦਾ ਤਰ ਐਸੀਆਂ ਪਰਿਸਥਿਤੀਆਂ ਵਿੱਚ ਘਬਰਾ ਕੇ ਡਰ ਕੇ ਮਾਨਸਿਕ ਸੰਤੁਲਨ ਗੁਆ ਬੈਠਦੀਆਂ ਹਨ।

***ਤੁਸੀਂ ਧੂਫ ਦੀਆਂ ਸੁਗੰਧੀਆਂ, ਮੰਤਰਾਂ ਦੀਆਂ
ਅਵਾਜਾਂ ਮੰਦਰ ਵਰਗੇ ਧਰਮੀ ਮਹੌਲ ਵਿੱਚ
ਪੈਦਾ ਹੋਏ ਹੋ। ਅਤੇ ਤੁਹਾਨੂੰ ਵੀ ਹੁਕਮ ਦਿੱਤਾ
ਗਿਆ ਸੀ ਉਸ ਮਹੌਲ ਦਾ ਸਾਂਝੀਵਾਲ ਬਣਨ
ਵਾਸਤੇ ਤੁਸੀਂ ਕਿੰਤੂ ਪ੍ਰਤੂੰ ਕੀਤਿਆਂ ਬਗੈਰ
ਆਪਣੇ ਅੜ੍ਹਬ ਅਤੇ ਤਾਨਾਸ਼ਾਹੀ ਪੁਰਖਿਆਂ ਦੇ
ਹੁਕਮ ਨੂੰ ਗੁਲਾਮ ਦੀ ਤਰਾਂ ਮੰਨ ਕੇ ਉਸੇ
ਮਹੌਲ ਨੂੰ ਉਸ ਧਰਮ ਨੂੰ ਧਾਰਨ ਕਰ ਲਿਆ
ਸੀ ਪਰ ਅੱਜ ਇਹ ਜਰੂਰੀ ਨਹੀਂ ਹੈ ਕਿ
ਤੁਹਾਡੇ ਬੱਚੇ ਤੁਹਾਡੇ ਇਸ ਹੁਕਮ ਦੀ ਪਾਲਣਾ
ਕਰਨ ਕਿਉਂਕਿ ਜਬਰਦਸਤੀ ਵਿੱਚ ਕੀਤੇ ਅਤੇ
ਕਰਾਏ ਗਏ ਕਰਾਰ ਹਮੇਸ਼ਾ ਕਮਜੋਰ, ਤਿੜਕੇ
ਅਤੇ ਥੋੜ੍ਹੀ ਜਿੰਦਗੀ ਭੋਗਣ ਵਾਲੇ ਹੁੰਦੇ ਹਨ।

**ਕੋਸ਼ਿਸ਼ ਕਰੀਏ ਅਸੀਂ ਆਪਣੇ ਅੰਦਰਲੇ ਸਿਧਾਰਥ
ਨੂੰ ਵਿਦਾ ਕਰਕੇ ਬੁੱਧ ਦੇ ਆਉਣ ਲਈ
ਦਰਵਾਜਾ ਖੋਲ੍ਹੀਏ

***ਐ ਮੇਰੀਓ ਯਸ਼ੋਧਰਾ ਰੂਪੀ ਇਛਾਵੋ ਮੈਨੂੰ
ਮੁਕਤ ਕਰਕੇ ਸਿਧਾਰਥ ਤੋਂ ਬੁੱਧ ਬਣਾ ਦੇਵੋ
ਮੈਨੂੰ ਆਪਣੀਆਂ ਦੁਨਿਆਵੀ ਬਾਹਾਂ ਵਿਚੋਂ
ਮੁਕਤ ਕਰੋ

***ਆਪਣੇ ਆਪ ਨੂੰ ਰੱਜ ਕੇ ਪਿਆਰ ਕਰੋ, ਆਪਣੇ
ਚਿਹਰੇ ਨੂੰ ਸ਼ੀਸ਼ੇ ਰਾਹੀਂ ਜਦ ਵੀ ਤੱਕੋ
ਮਹਿਬੂਬ ਦੀਆਂ ਨਜ਼ਰਾਂ ਵਾਂਗ ਤੱਕੋ। ਕਿਉਂਕਿ
ਸਾਰੇ ਦਿਨ ਦਾ ਸਫਰ ਤੁਹਾਡਾ ਖੁਦ ਨਾਲ ਖੁਦ
ਦੀ ਉਂਗਲੀ ਫੜ੍ਹ ਕੇ ਸ਼ੁਰੂ ਹੋਣਾ ਹੈ। ਰਸਤੇ
ਵਿੱਚ ਟੁਰਦਿਆਂ ਕਦੇ ਕਦੇ ਆਪਣੇ ਆਪ ਨੂੰ
ਕਹਿ ਦਿਆ ਕਰੋ' ਅੰਜੂ ਆਈ ਲਵ ਯੂ''

**ਜਿਵੇਂ ਧੀ ਆਪਣੇ ਬਾਪ ਦੀ ਬਾਦਸ਼ਾਹੀ ਵਿੱਚ ਆਪਣੇ ਆਪ ਨੂੰ ਸੁਰੱਖਿਆ ਮਹਿਸੂਸ ਕਰਦੀ ਹੈ ਅਤੇ ਆਪਣੇ ਬਾਪ ਨੂੰ ਸ਼ਕਤੀਸ਼ਾਲੀ ਰਾਜਾ ਮੰਨਦੀ ਹੈ ਅਤੇ ਉਸ ਦਾ ਰਾਜਾ ਰੂਪੀ ਬਾਪ ਆਪਣੀ ਧੀ ਨੂੰ ਖ਼ਾਹਿਸ਼ਾਂ ਦੇ ਖਲੋਣੇ ਲੈ ਕੇ ਦਿੰਦਾ ਹੈ ਐਨ ਇਸੇ ਤਰਾਂ ਪ੍ਰੇਮਿਕਾ ਆਪਣੇ ਪ੍ਰੇਮੀ ਨੂੰ ਤਾਕਤਵਰ ਸਮਝਦੀ ਹੋਈ ਉਸ ਦੇ ਸਾਥ ਨਾਲ ਆਪਣੇ ਆਪ ਨੂੰ ਮਹਿਫੂਜ ਮਹਿਸੂਸ ਕਰਦੀ ਹੈ ਅਤੇ ਉਸਦਾ ਪ੍ਰੇਮੀ ਆਪਣੀ ਮਹਿਬੂਬ ਦੀ ਹਰ ਛੋਟੀ ਤੋਂ ਛੋਟੀ ਖੁਸ਼ੀ ਦਾ ਖਿਆਲ ਰੱਖਦੇ ਹੋਏ ਉਸ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰ ਦਾ ਹੈ।

***ਜਰਮਨੀ ਦੇ ਸ਼ਹਿਰ ਵਿੱਚ ਇੱਕ ਐਸਾ ਪਾਰਕ ਹੈ ਜਿੱਥੇ **1902** ਜਾਂ **1903** ਦੇ ਕਰੀਬ ਅਫਰੀਕਾ ਦੇ ਲੋਕਾਂ ਨੂੰ ਬੰਦੀ ਬਣਾ ਕੇ ਜਾਨਵਰਾਂ ਵਾਲੇ ਪਿੰਜਰੇ ਵਿੱਚ ਕੈਦ ਕਰਕੇ ਲੋਕਾਂ ਨੂੰ ਦਿਖਾਇਆ ਜਾਂਦਾ ਸੀ ਕਿ ਦੇਖੋ ਦੁਨੀਆਂ ਵਿੱਚ ਇਸ ਰੰਗ ਰੂਪ ਵਾਲੇ ਲੋਕ ਵੀ ਵੱਸਦੇ ਹਨ ਅਤੇ ਲੋਕ ਉਹਨਾਂ ਕੈਦੀ ਅਫਰੀਕਾ ਵਾਲਿਆਂ ਨੂੰ ਬਹੁਤ ਹੈਰਾਨੀ ਨਾਲ ਦੇਖਣ ਆਉਂਦੇ ਸਨ ਜਿਵੇਂ ਚਿੜਿਆ ਘਰ ਵਿੱਚ ਜਾਨਵਰਾਂ ਨੂੰ ਅੱਜ ਜਰਮਨੀ ਨੂੰ ਇਸ ਗੱਲ ਦੀ ਦਾਦ ਦੇਣੀ ਬਣਦੀ ਹੈ ਕਿ ਜਰਮਨੀ ਨੇ ਆਪਣੀ ਸੋਚ ਨੂੰ ਬਦਲ ਕੇ ਮਨੁੱਖਤਾ ਨਾਲ ਪਿਆਰ ਅਤੇ ਸਾਂਝੀਵਾਲਤਾ ਭਰਿਆ ਹੁੰਗਾਰਾ ਭਰਦਾ ਹੈ ਅਤੇ ਆਪਣੇ ਮੁਲਕ ਜਰਮਨੀ ਵਿੱਚ ਸਭ ਨੂੰ ਇੱਕ ਤਰਾਂ ਦੇ ਹੱਕ ਅਤੇ ਬਰਾਬਰਤਾ ਦਾ ਸਨਮਾਨ ਦਿੰਦਾ ਹੈ।

***ਮੈ ਮਹਿਸੂਸ ਕਰਦੀ ਹਾਂ ਕਿ ਕਦੇ ਕਦੇ ਮੇਰੇ ਅੰਦਰਲਾ ਇਨਸਾਨ ਭਟਕ ਜਾਂਦਾ ਹੈ ਆਪਣਾ ਰਸਤਾ ਭੁੱਲ ਜਾਂਦਾ ਹੈ । ਮੈਂ ਮਹਿਸੂਸ ਕਰਦੀ ਹਾਂ ਮੇਰੇ ਅੰਦਰਲਾ ਇਨਸਾਨ ਕਦੇ ਕਦੇ ਆਵਾਗੌਣ ਝੂਠ ਬੋਲਣ ਦਾ ਮਜਾ ਚੱਖਣ ਲੱਗ ਜਾਂਦਾ ਹੈ। ਮੈਂ ਮਹਿਸੂਸ ਕਰਦੀ ਹਾਂ ਮੇਰੇ ਅੰਦਰਲਾ ਇਨਸਾਨ ਕਦੇ ਕਦੇ ਇੰਨਾ, ਪਾਪੀ, ਕਰੋਧੀ, ਜਨੂਨੀ, ਹੋ ਜਾਂਦਾ ਹੈ ਕਿ ਖੂਨ ਦੇ ਦਰਿਆ ਵਿੱਚ ਨਹਾਉਣਾ ਸ਼ੁਰੂ ਕਰ ਦਿੰਦਾ ਹੈ।

***ਮੈਂ ਕਦੇ ਕਦੇ ਮਹਿਸੂਸ ਕਰਦੀ ਹਾਂ ਮੇਰੀ ਅਤੇ ਮੇਰੇ ਅੰਦਰਲੇ ਇਨਸਾਨ ਦੀ ਭਾਸ਼ਾ ਐਸੀ ਹੋ ਜਾਂਦੀ ਹੈ ਜਿਸ ਦੀ ਸਾਨੂੰ ਦੋਂਹਾਂ ਨੂੰ ਸਮਝ ਨਹੀਂ ਆਉਂਦੀ ਮੈਂ ਕੁਝ ਹੋਰ ਬੋਲਦੀ ਹੁੰਦੀ ਹਾਂ ਤੇ ਉਹ ਕੁਝ ਹੋਰ ਸੁਣਦਾ ਹੁੰਦਾ ਹੈ ਉਹ ਕੁਝ ਹੋਰ ਮੈਨੂੰ ਆਖਦਾ ਹੁੰਦਾ ਹੈ ਮੈਂ ਕੁਝ ਹੋਰ ਸਮਝ ਬੈਠਦੀ ਹਾਂ।

***ਮੈਂ ਕਦੇ ਕਦੇ ਮਹਿਸੂਸ ਕਰਦੀ ਹਾਂ ਜੋ ਮੈਂ ਬਾਹਰੋਂ ਹਾਂ ਅੰਦਰੋਂ ਉਹ ਨਹੀਂ ਹਾਂ

***ਜਿੰਦਗੀ ਇੱਕ ਉੱਚੇ ਪਹਾੜ ਦੇ ਸਿਖਰ ਵਾਂਗ ਅਤੇ ਉਸੇ ਪਹਾੜ ਦੀ ਢਲਾਣ ਵਾਂਗਰ ਹੈ। ਜਿਸ ਸਿਖਰ ਉੱਪਰ ਅਸੀਂ ਕਦੇ ਤਾਂ ਕਾਮਯਾਬੀਆਂ ਦਾ ਮੁਕਟ ਸਜਕੇ ਚੜ੍ਹਨ ਵਿੱਚ ਕਾਮਯਾਬ ਹੋ ਜਾਂਦੇ ਹਾਂ ਅਤੇ ਕਦੇ ਕਦੇ ਰੁੜ੍ਹਦੇ ਰੁੜ੍ਹਦੇ ਮੁੜ ਧਰਤੀ ਤੇ ਆ ਜਾਂਦੇ ਹਾਂ।

***ਜਿੰਦਗੀ ਕੀ ਹੈ?

ਇੱਕ ਪਹੇਲੀ ਹੈ?

ਸਵਾਲ ਹੈ?

ਜਵਾਬ ਹੈ?

ਕੀ ਹੈ?

ਜਾਂ ਇਸ ਨੂੰ ਕਿਸ ਤਰਾਂ ਜੀਅ ਜਾ ਸਕਦਾ ਹੈ?

ਇਸ ਦੀ ਕੀ ਵਿਚਾਰਧਾਰਾ ਹੈ?

ਬਗੈਰਾ ਬਗੈਰਾ

***ਜਿੰਦਗੀ ਦੀ ਪੜਤਾਲ ਕਰਨ ਲਈ ਸਾਨੂੰ ਕਿਸੇ ਸਾਇੰਸ ਦੀ ਕਿਤਾਬ ਵਾਂਗ ਪੜ੍ਹਨ ਜਾਂ ਮੈਥ ਦੇ ਸਵਾਲ ਵਾਂਗ ਮੱਥੇ ਤੇ ਜੋਰ ਪਾ ਕੇ ਸਮਝਣ ਦੀ ਜਰੂਰਤ ਨਹੀਂ ਹੈ। ਅਸੀਂ ਜਿੰਨਾ ਇਸ ਨੂੰ ਸਮਝਣ ਦੀ ਕੋਸ਼ਿਸ਼ ਕਰਾਂਗੇ ਉਹਨਾਂ ਹੀ ਅਸੀਂ ਨਿਰਾਸ਼ ਹੁੰਦੇ ਜਾਵਾਂਗੇ।

***ਜਿੰਦਗੀ ਨੂੰ ਸਮਝਣ ਦਾ ਇੱਕ ਸਿੱਧਾ ਫਾਰਮੂਲਾ

ਇਹ ਹੈ ਇਸ ਦੇ ਅੰਦਰਲੇ ਇਨਸਾਨ ਦੀ
ਅਵਾਜ ਸੁਣਨ ਲਈ ਆਪਣੇ ਕੰਨਾਂ ਦੀ
ਸੁਣਨਸ਼ਕਤੀ ਵਧਾਓ ਕੰਨ ਲਾ ਕੇ ਸੁਣੋਂ ਉਹ
ਅੰਦਰ ਬੈਠਾ ਨੇਕ ਇਨਸਾਨ ਕੀ ਕਿਹ ਰਿਹਾ
ਹੈ ਉਸਦੇ ਸਵਾਲਾਂ ਵਿੱਚ ਹੀ ਜਵਾਬ ਹੁੰਦਾ ਹੈ
ਅਤੇ ਤੁਹਾਡੇ ਹਰ ਸਵਾਲ ਦਾ ਜਵਾਬ ਉਸ
ਕੋਲ ਹੁੰਦਾ ਹੈ ਤੁਹਾਨੂੰ ਜਿੰਦਗੀ ਦੀ ਰਮਜ਼
ਸਮਝ ਆ ਜਾਵੇਗੀ।

***ਇਹ ਸੱਚ ਹੈ ਨਵ੍ਹਾ ਪਰਿਵਰਤਨ ਉਹ ਸਭ
ਪੁਰਾਣੀ ਪਰੰਪਰਾ ਅਤੇ ਪੁਰਾਣੀਆਂ ਖੋਜਾਂ ਨੂੰ
ਭੁੱਲ ਜਾਂਦਾ ਹੈ। ਜਿੰਨਾ ਦੇ ਸਦਕੇ ਨਵੇਂ ਯੁੱਗ
ਦੀ ਸ਼ੁਰੂਆਤ ਕਰਨ ਵਾਸਤੇ ਖੋਜੀ, ਜੋਗੀ,
ਰੀਸ਼ੀ ਮੁੰਨੀਆਂ ਨੇ ਆਪਣੇ ਸਮੇਂ ਵਿੱਚ ਤਪ
ਕੀਤਾ ਹੁੰਦਾਂ ਹੈ। ਉਦਾਹਰਨ ਦੇ ਤੌਰ ਉੱਤੇ
ਭਾਰਤ ਇੱਕ ਐਸਾ ਮੁਲੱਕ ਸੀ । ਜਦ
ਦੁਨੀਆਂ ਦੇ ਲੋਕਾਂ ਨੂੰ ਘਰਾਂ ਦਾ ਪਤਾ ਨਹੀਂ ਸੀ
ਕਿ ਘਰ ਕੀ ਹੁੰਦਾ ਹੈ ਅਤੇ ਕਿਸ ਸ਼ੈ ਨਾਲ
ਬਣਾ ਕਿ ਤਿਆਰ ਕੀਤਾ ਜਾਂਦਾ ਹੈ ਅਤੇ
ਕਿਵੇਂ ਉਸ ਵਿੱਚ ਰਿਹਾ ਜਾਂਦਾ ਹੈ। ਉਸ
ਵਕਤ ਭਾਰਤ ਦੇ ਰੀਸ਼ੀਆਂ ਮੁੰਨੀਆਂ ਨੇ ਘਰਾਂ
ਦੇ ਨਕਸ਼ੇ ਤਿਆਰ ਕਰ ਲਏ ਸੀ। ਜਦ ਲੋਕਾਂ
ਨੂੰ ਪਾਣੀ ਦੀ ਵਰਤੋਂ ਕਰਨ ਦਾ ਪਤਾ ਨਹੀਂ
ਸੀ ਉਸ ਵਕਤ ਭਾਰਤ ਦੇ ਰੀਸ਼ੀਆਂ ਨੇ ਪਾਣੀ
ਦੀ ਮਹੱਤਤਾ ਜਾਣ ਲਈ ਸੀ। ਜਦ ਲੋਕਾਂ
ਕੋਲ ਵਿੱਦਿਆ ਦੇ ਗਿਆਨ ਦਾ ਹਨੇਰਾ ਸੀ ।

ਭਾਰਤੀ ਰੀਸ਼ੀਆਂ ਨੇ ਵੇਦ ਰਚ ਲਏ ਸਨ।
ਜਦ ਲੋਕਾਂ ਨੂੰ ਵਿੱਦਿਆ ਦਾ ਗਿਆਨ ਹੋਇਆ
ਭਾਰਤੀ ਰੀਸ਼ੀ ਮੁੰਨੀਆਂ ਨੇ ਗ੍ਰਹਿ ਮੰਡਲਾਂ ਦੀ
ਖੋਜ ਕਰ ਲਈ ਸੀ। ਫਿਰ ਜਿਵੇਂ ਅਸੀਂ
ਆਪਣੇ ਵਿੱਚ ਪਰਿਵਰਤਨ ਲਿਆਉਂਦੇ ਗਏ
ਨਵੇਂ ਯੁੱਗ ਦੇ ਧਾਰਨੀ ਬਣ ਕੇ ਪੁਰਾਣੇ ਰੀਸ਼ੀ
ਮੁੰਨੀਆਂ ਆਰੀਆ ਭੱਟ ਵਰਗੇ ਖੋਜੀਆਂ ਦੀਆਂ
ਖੋਜਾਂ ਅਤੇ ਘਾਲਣਾਂ ਨੂੰ ਭੁੱਲ ਕੇ ਨਵੇਂ ਯੁੱਗ ਦੇ
ਪਲੈਟੋ, ਅਰਸਤੂ ਅਤੇ ਸੁਕਰਾਤ ਨੂੰ ਪੜ ਕੇ
ਉਹਨਾਂ ਦੀ ਜੈ ਜੈ ਕਾਰ ਕਰਨ ਲੱਗ ਪਏ।

***

ਜਿੰਦਗੀ ਦਾ ਫਾਰਮੂਲਾ ਬੜਾ ਸਰਲ ਹੈ ਪਰ
ਅਸੀਂ ਆਪਣੀਆਂ ਇੱਛਾਵਾਂ ਖਾਹਿਸ਼ਾਂ ਦਾ ਜਾਲ
ਇੰਨਾ ਕੁ ਵੱਡਾ ਵਿਸ਼ਾ ਦਿੰਦੇ ਹਾਂ ਕਿ ਆਪੇ
ਉਸ ਜਾਲ ਵਿੱਚ ਉਲਝ ਕੇ ਜਿੰਦਗੀ ਨੂੰ ਔਖੀ
ਅਤੇ ਸਖਤ ਬਿਨਾ ਦਿੰਦੇ ਹਾਂ

*** ਮੈਂ ਕੁਝ ਦਿਨਾਂ ਪਹਿਲਾਂ ਕਿਸੇ ਧਰਮ ਦੇ
ਪ੍ਰਚਾਰਕ ਵੱਲੋਂ ਰੱਬ ਦੀ, ਭਗਵਾਨ ਦੀ
ਇਬਾਦਤ ਵਿੱਚ ਗਾਏ ਜਾ ਰਹੇ ਗੀਤ ਜਾਂ
ਭਜਨ ਜਾਂ ਸ਼ਬਦ ਕਹਿ ਲਓ ਜਾਂ ਨਾਤ ਕਹਿ
ਲਓ ਸੁਣ ਰਹੀ ਸੀ। ਉਸ ਭਜਨ ਦੇ ਜਾਂ ਨਾਤ
ਦੇ ਬੋਲ ਸਨ, '' ਕਿ ਏ ਮੇਰੇ ਈਸ਼ਵਰ,
ਭਗਵਾਨ ਮੇਰੇ ਖੁਦਾ ਮੇਰੇ ਉੱਤੇ ਇੰਨੀ
ਰਹਿਮਤ ਕਰ ਕੇ ਮੈਂ ਤੇਰੇ ਕਦਮਾਂ ਵਿੱਚ ਸਿਰ
ਰੱਖ ਕੇ ਰੋ ਰੋ ਕੇ ਮਰ ਜਾਵਾਂ, ਤੂੰ ਮੈਨੂੰ
ਆਪਣੇ ਪਾਕ ਪਵਿੱਤਰ ਘਰ ਬੁਲਾ ਜਿੱਥੇ ਆ
ਕੇ ਮੈਂ ਮੁਕਤ ਹੋ ਜਾਵਾ '' ਦੋਸਤੋ:---ਮੈਂ
ਕਿਸੇ ਦੀਆਂ ਭਾਵਨਾ ਨੂੰ ਕਿਸੇ ਦੀ ਸ਼ਰਧਾ ਨੂੰ
ਕਿਸੇ ਦੇ ਵਿਸ਼ਵਾਸ ਜਾਂ ਧਰਮ ਦੀ ਨਿਖੇਧੀ
ਨਹੀਂ ਕਰ ਰਹੀ ਹਾਂ। ਪਰ ਮੇਰਾ ਤੁਹਾਨੂੰ ਇਹ
ਪੁੱਛਣਾ ਹੈ :----ਕੀ ਵਾਕਿਆ ਹੀ ਬੰਦਾ
ਭਗਤੀ ਜਾਂ ਬੰਦਗੀ ਦੀ ਸਥਿਤੀ ਵਿੱਚ ਇੱਥੋਂ
ਤੱਕ ਪੁਹੰਚ ਜਾਂਦਾ ਹੈ ਕਿ ਆਖਿਰ ਮੌਤ ਨੂੰ

ਮੰਗਣ ਲੱਗ ਜਾਂਦਾ ਹੈ?

ਜਾਂ

ਕੀ ਉਹ (ਰੱਬ) ਇੰਨਾ ਕਠੋਰ ਹੈ ਕਿ ਉਸਨੂੰ
ਮਨਾਉਣ ਵਾਸਤੇ ਉਸਨੂੰ ਅਪਣਾਉਣ ਵਾਸਤੇ
ਜਾਂ ਉਸ ਦੀ ਸੁਤਾ ਆਪਣੇ ਵੱਲ ਦਿਵਾਉਣ
ਵਾਸਤੇ ਇਨਸਾਨ ਨੂੰ ਉਸ ਦੀਆਂ ਇੰਨੀ
ਲੇਲੜੀਆਂ, ਲਿਲ੍ਹਕੜੀਆਂ ਕੱਢਣੀਆਂ ਪੈਂਦੀਆਂ
ਹਨ?ਜੇਕਰ ਰੱਬ ਇੰਨਾ ਕਠੋਰ ਹੈ ਕਿ ਬੰਦਾ
ਉਸਨੂੰ ਮਨਾਉਂਦਾ ਮਨਾਉਂਦਾ ਆਪਣੇ ਉੱਤੇ
ਤਸ਼ੱਦਤ ਸਹਿਣ ਨੂੰ ਆਪਣੀ ਮੌਤ ਮੰਗਣ ਨੂੰ
ਵੀ ਤਿਆਰ ਹੈ ਜਾਂਦਾ ਹ:----ਜਿਵੇਂ ਕੋਈ
ਆਪਣੇ ਜਿਸਮ ਉੱਤੇ ਸੰਗਲ ਮਾਰਦੇ ਹਨ
ਕੋਈ ਸੂਈਆਂ ਨਾਲ ਆਪਣੇ ਸਰੀਰ ਨੂੰ
ਬਿੰਨਦੇ ਹਨ। ਕੋਈ ਪਿੱਟ ਪਿੱਟ ਬੁਰਾ ਹਾਲ
ਕਰ ਲੈਂਦੇ ਹਨ ਕੋਈ ਕੱਚ ਉੱਤੇ ਤੁਰਦੇ ਹਨ
ਕੋਈ ਅੱਗ ਦੇ ਅੰਗਿਆਰਾਂ ਉੱਤੇ ਤੁਰਦੇ ਹਨ।
ਭਗਤੀ ਸਾਧਨਾ ਕਰਦੇ ਹ ਵਾਸਤੇ ਕੋਈ

ਬਰਫੀਲੇ ਪਹਾੜਾ ਉੱਤੇ ਬੈਠ ਕੇ ! ਆਪਣੇ
ਆਪ ਉੱਤੇ ਇੰਨਾ ਤਸ਼ੱਦਤ:---- ਫਿਰ ਐਸੇ
ਰੱਬ ਨੂੰ ਪੂਜਿਆਂ ਬਗੈਰ ਬੁੜਿਆ ਵੀ ਕੀ ਹੈ?
ਜਾਂ
ਕਿਸ ਵਾਸਤੇ ਇਨਸਾਨ ਉਸ ਦੀਆਂ ਇੰਨੀਆਂ
ਮਿੰਨਤਾਂ ਤਰਲੇ ਕਰਕੇ ਉਸਦੀ ਨਜ਼ਰ ਵਿੱਚ
ਖੁਦ ਨੂੰ ਕਬੂਲਣ ਦੀ ਮਿੰਨਤ ਕਰਦਾ ਹੈ?
ਜਾਂ
ਕੀ ਇਨਸਾਨ ਇੰਨਾ ਕਮਜੋਰ ਹੈ ਕਿ ਉਹ
ਆਪਣੇ ਮਨੋਬਲ ਨੂੰ ਆਪਣੀ ਆਤਮਕ ਸ਼ਕਤੀ
ਨੂੰ ਅਜਮਾਉਣ ਤੋਂ ਪਹਿਲਾਂ ਹੀ ਰੱਬ ਅੱਗੇ
ਹਥਿਆਰ ਸੁਟ ਕੇ ਆਖਦਾ ਹੈ ਤੂੰ ਜਿਵੇਂ
ਕਹੇਗਾ ਮੈਂ ਕਰਾਂਗਾ? ਕੀ ਜਿਸ ਨੂੰ ਅਸੀਂ
ਪਿਆਰ ਕਰਦੇ ਹਾਂ ਜਿਸ ਨੂੰ ਪੂਜਦੇ ਹਾਂ ਜਿਸ
ਦੀ ਲਗਨ ਵਿੱਚ ਲੀਨ ਰਹਿੰਦੇ ਹਾਂ, ਉਹ
ਸਾਡੀ ਐਸੀ ਦੁਰਦਸ਼ਾ ਦੇਖ ਕੇ ਆਪ ਖੁਸ਼
ਹੁੰਦਾ ਹੋਵੇਗਾ? ਮੈਂ ਜੇ ਆਪਣੀ ਸੋਚ ਦੀ ਗੱਲ

ਕਰਾਂ ਤਾਂ ਮੈਂ ਸੋਚਦੀ ਹਾਂ ਜਿਸ ਵੀ ਧਰਮ ਨੂੰ
ਮਰਜੀ ਮੰਨੋ ਤੁਹਾਡਾ ਆਪਣਾ ਨਿੱਜੀ ਮਸਲਾ
ਹੈ। ਪਰ ਆਪਣੇ ਮਹਿਬੂਬ ਅੱਗੇ ਆਪਣੇ
ਪਿਆਰੇ ਅੱਗੇ ਇਹ ਹੀ ਜੋਦੜੀ ਕਰੋ ਕਿ, ‘‘
ਕਿ ਹੇ ਮੇਰੇ ਪ੍ਰੀਤਮ ਮੇਰੇ ਅੰਦਰ ਆਪਣੇ
ਵਾਸਤੇ ਅਤੇ ਆਪਣੇ ਅੰਦਰ ਮੇਰੇ ਵਾਸਤੇ
ਇਸ ਤਰਾਂ ਪਿਆਰ ਦੇ ਰਾਗ ਛੇੜ ਕੇ ਅਸੀਂ
ਦੋਨੋ ਇੱਕ ਦੂਜੇ ਵਿੱਚ ਲੀਨ ਰਹੀਏ ਅਤੇ ਮੈਂ
ਜਦ ਵੀ ਤੈਨੂੰ ਯਾਦ ਕਰਾਂ ਆਪਣੇ ਸਰੀਰ ਦੇ
ਉੱਠ ਰਹੇ ਰੋਂਗਟਿਆਂ ਰਾਹੀਂ ਤੇਰੇ ਅਹਿਸਾਸ
ਨੂੰ ਮਹਿਸੂਸ ਕਰ ਸਕਾਂ ਜਿਹੜਾ ਮੈਨੂੰ ਇਸ
ਗੱਲ ਦਾ ਯਕੀਨ ਦਿਵਾਏ ਕਿ ਜਦ ਤੈਨੂੰ ਯਾਦ
ਕਰਕੇ ਮੇਰੇ ਸਰੀਰ ਵਿੱਚ ਕੰਬਣੀ ਛਿੜੀ ਸੀ
ਐਨ ਉਸੇ ਵਕਤ ਤੂੰ ਆਪਣੇ ਕੰਨ ਅਤੇ
ਆਪਣਾ ਧਿਆਨ ਮੇਰੀ ਵੱਲ ਕੀਤਾ ਸੀ ਮੇਰੀ
ਅਵਾਜ ਸੁਣੀ ਸੀ ਅਤੇ ਤੂੰ ਮੇਰੇ ਪੈਰਾਂ ਦੇ ਨੂੰਹਾਂ
ਤੋਂ ਲੈ ਕੇ ਸਿਰ ਦੇ ਵਾਲਾਂ ਤੱਕ ਆਪਣੀ ਨਜਰ

ਮੇਰੇ ਵੱਲ ਘੁਮਾਈਂ ਸੀ ਤਾਂ ਹੀ ਉਸੇ ਵੇਲੇ ਮੇਰੇ ਸਰੀਰ ਵਿੱਚ ਤੇਰੀ ਯਾਦ ਦੀ ਕੰਬਣੀ ਛਿੜ ਗਈ ਸੀ। ''

***ਮੈਨੂੰ ਨਹੀਂ ਪਤਾ ਲੋਕ ਕਿਉਂ ਇੰਨੇ ਸੋਹਣੇ ਪਿਆਰੇ ਦਿਲਬਰ ਰੱਬ ਅੱਗੇ ਭਗਵਾਨ ਈਸ਼ਵਰ ਖੁਦਾ ਅੱਗੇ ਜਾ ਕੇ ਆਪਣੀ ਮੌਤ ਮੰਗਦੇ ਹਨ ਉਹਦੇ ਕਦਮਾਂ ਹੇਠ ਸਿਰ ਰੱਖ ਕੇ ਖੁਦ ਨੂੰ ਫਨਾਹ ਕਰਨ ਦੀ ਸੋਚਦੇ ਹਨ ਇਸ ਤਰਾਂ ਦੇ ਸੁਭਾਅ ਵਾਲਾ ਤਾਂ ਉਹ ਨਹੀਂ ਹੈ ਫਿਰ ਕਿਉਂ ਉਸ ਨੂੰ ਮੌਤ ਦੀਆਂ ਬਲੀਆਂ ਦੇ ਦੇ ਕੇ:----ਉਸ ਨੂੰ ਖੌਫਨਾਕ, ਭੈ-ਦਾਰ ਬਣਾ ਕੇ ਆਪਣੇ ਮੰਨਾ ਵਿੱਚ ਡਰ ਅਤੇ ਉਸ ਵਾਸਤੇ ਖੌਫ ਪੈਦਾ ਕਰ ਰਹੇ ਹੋ ਹੈ ਉਹ ਤਾਂ ਪਿਆਰ ਦਾ ਸਾਗਰ ਮਮਤਾ ਦੀ ਬਾਰਿਸ਼ ਹੈ ਉਹ ਤਾਂ ਸੁਨੱਖੇ ਤੇ ਕੋਝਿਆਂ ਦਾ ਸਭ ਦਾ ਸਾਥੀ ਹੈ ਹਮਦਰਦ ਹੈ । ਜੇਕਰ ਤੁਸੀਂ ਇਹ ਸੋਚਕੇ ਉਸ ਅੱਗੇ ਰੋ ਰੋ ਕੇ ਪਿੱਟਦੇ ਹੋ ਅੱਲਾ ਅੱਲਾ, ਰਾਮ ਰਾਮ ਕਰਦੇ ਹੋ ਹੱਥ ਉਤਾਂਹ ਨੂੰ ਕਰਕੇ ਉਸ ਕੋਲੋਂ ਮੌਤ ਨੂੰ ਮੰਨਦੇ ਹੋ ਫਿਰ ਜਨਾਬ ਤੁਸੀਂ ਕਿਸੇ ਐਸੇ ਅੰਧਵਿਸ਼ਵਾਸੀ ਯੁੱਗ ਵਿੱਚ ਜੀ ਰਹੇ ਹੋ ਜਿਸ

ਯੁੱਗ ਵਿੱਚ ਬੋਦੀ ਵਾਲੇ ਨੇ ਪਹਾੜੀ ਉੱਤੇ ਚੜ੍ਹ
ਕੇ ਪੂਰੇ ਪਿੰਡ ਨੂੰ ਐਲਾਨ ਕਰ ਦਿੱਤਾ ਸੀ ਕਿ
ਮੈਂ ਤੁਹਾਡਾ ਰੱਬ ਹਾਂ ਜਿਹੜਾ ਕੋਈ ਮੈਨੂੰ
ਨਰਾਜ ਕਰੇਗਾ ਉਸ ਨੂੰ ਮੈਂ ਸਜਾਏ ਮੌਤ
ਦੇਵਾਂਗਾ ਜਿਹੜਾ ਮੈਨੂੰ ਖੁਸ਼ ਕਰੇਗਾ ਉਸ ਨੂੰ
ਮੈਂ ਸਵਰਗ ਦਾਨ ਕਰਾਂਗਾ ਤੇ ਲੋਕਾਂ ਨੇ ਉਸ
ਦਿਨ ਮਗਰੋਂ ਉਸ ਬੋਦੀ ਵਾਲੇ ਦਾ ਹੁਕਮ ਮੰਨ
ਕੇ ਆਪਣੀਆਂ ਅੱਖਾਂ ਉੱਤੇ ਪੱਟੀ ਬੰਨ੍ਹ ਕੇ
ਉਸਦੇ ਕਦਮਾਂ ਵਿੱਚ ਆਪਣਾ ਸਿਰ ਰੱਖ
ਦਿੱਤਾ ਸੀਇਹ ਕਹਿ ਕਿ ਤੇਰੀ ਸ਼ਰਣ ਵਿੱਚ
ਹੀ ਸਵਰਗ ਹੈ ਅਤੇ ਮੈਂ ਇਸ ਸਵਰਗ ਨੂੰ
ਮੌਤ ਦੇ ਬਦਲੇ ਲੈਣ ਨੂੰ ਤਿਆਰ ਹਾਂ ਮੈਂ
ਕਮਜੋਰ ਹਾਂ ਨਿਰਬਲ ਹਾਂ ਤੂੰ ਜੋ ਵੀ ਮੈਨੂੰ
ਹੁਕਮ ਦੇਵੇਗਾ ਮੈਂ ਕਰਾਂਗੀ / ਕਰਾਂਗਾਐਸੇ
ਪੱਥਰ ਦਿਲ ਨੂੰ ਪੱਥਰ ਹੀ ਕਿਹਾ ਜਾ ਸਕਦਾ
ਹੈ ਰੱਬ ਨਹੀਂ ਕਿਹਾ ਜਾ ਸਕਦਾ।

***ਨਫਰਤ ਕਿਸੇ ਕਾਰਨ ਕਰਕੇ ਕੀਤੀ ਜਾਂਦੀ
ਹੈ ਪਰ ਪਿਆਰ ਬਿਨਾ ਕਾਰਨ ਹੋ ਜਾਂਦਾ ਹੈ।

***ਜਦ ਉਸ ਸ਼ਿਲਪਕਾਰ ਤੋਂ ਕੋਈ ਖੂਬਸੂਰਤ
ਪੱਥਰ ਨਾ ਤਰਾਸ਼ਿਆ ਗਿਆ ਤਾਂ ਉਸਨੇ
ਬਦਸੂਰਤ ਪੱਥਰਾਂ ਨੂੰ ਦੇਵੀ ਦੇਵਤਿਆਂ ਦਾ ਨਾਂ
ਦੇ ਕੇ ਆਪਣੇ ਹੁਨਰ ਦੀ ਲਾਜ ਰੱਖ ਲਈ

***ਜਦੋਂ ਤੁਸੀਂ ਧਰਮ ਦੀਆਂ ਐਨਕਾਂ ਲਾ ਕੇ ਤੁਰਨ
ਲੱਗ ਜਾਂਦੇ ਹੋ ਤਾਂ ਤੁਹਾਨੂੰ ਧਰਮ ਤੋਂ ਬਗੈਰ
ਕੁਝ ਵੀ ਨਜਰ ਨਹੀਂ ਆਉਂ ਅਤੇ ਤੁਸੀਂ
ਆਪਣੇ ਆਪ ਨੂੰ ਧਰਮੀ ਸਮਝ ਕੇ ਆਪਣੇ
ਪੈਰਾਂ ਹੇਠ ਇਨਸਾਨਾਂ ਨੂੰ ਕੀੜੇ ਮਕੌੜਿਆਂ ਦੀ
ਤਰਾਂ ਮਸਲਨਾ ਚਾਹੁੰਦੇ ਹੋ ਤਾਂ ਕਿ ਉਹ ਲੋਕ
ਤੁਹਾਡੇ ਧਰਮੀ ਹੋਣ ਤੋਂ ਡਰ ਕੇ ਤੁਹਾਡੀ ਜੈ
ਜੈ ਕਾਰ ਕਰਨੀ ਸ਼ੁਰੂ ਕਰ ਦੇਣ, , , ਪਰ
ਜਨਾਬ ਤੁਸੀਂ ਭੁੱਲ ਰਹੇ ਹੋ। ਤੁਹਾਡੇ ਕੋਲ
ਐਨਕ ਅਭਿਮਾਨੀ ਲੋਅ ਵਾਲੀ ਹੈ ਉਹ ਲੋਅ
ਜਿਸ ਰਾਹੀਂ ਤੁਹਾਨੂੰ ਸਿਰਫ ਆਪਣਾ ਆਪ
ਹੀ ਦਿਸਦਾ ਹੈ ਅਤੇ ਇਨਸਾਨਾਂ ਕੋਲ ਜਿਹੜੇ
ਧਰਮ ਤੋਂ ਹਟ ਕੇ ਗੱਲ ਕਰਦੇ ਹਨ ਉਹਨਾਂ
ਕੋਲ ਉਹਨਾਂ ਕੋਲ ਇਨਸਾਨੀਅਤ ਦੇ ਦਰਦ
ਦੀ ਲੋਅ ਹੈ ਜਿਸ ਦਰਦ ਨੂੰ ਦਿਲ ਤੋਂ
ਆਂਦਰਾਂ ਤੋਂ ਮਹਿਸੂਸ ਕੀਤਾ ਜਾਂਦਾ ਹੈ ਐਸੀ
ਲੋਅ ਦੂਰ ਦੂਰ ਤੱਕ ਰੋਸ਼ਨੀ ਕਰਦੀ ਹੈ ਧਰਮ

ਦੀ ਐਨਕ ਸੁਜਾਖਿਆਂ ਨੂੰ ਅੰਨ੍ਹੇ ਕਰਦੀ ਹੈ ।
ਅਤੇ ਧਰਮ ਵਿੱਚ ਮਿਲੀ ਧਰਮ ਦੀ
ਅਹੁੰਦੇਦਾਰੀ ਪ੍ਰਧਾਨਗੀ ਤੁਹਾਨੂੰ ਘਮੰਡੀ
ਬਣਾਉਂਦੀ ਹੈ। ਜਦ ਕਿ ਧਰਮ ਦਾ ਅਸਲ
ਅਰਥ ਹੁੰਦਾ ਹੈ ਘਮੰਡ, ਨਫਰਤ ਅਤੇ
ਔਹਦੇਦਾਰੀਆਂ, ਤਾਜ ਸਿੰਘਾਸਨ ਰਹਿਤ

***ਤੇਰੇ ਅੜਬ ਸੁਭਾਅ ਤੋਂ ਡਰਦੀ ਤੇਰੀ ਬੇਰੁੱਖੀ ਤੋਂ
ਡਰਦੀ ਮੈਂ ਇੱਕ ਦਿਨ ਮਾਰ ਦਿੱਤੀ ਆਪਣੇ
ਦਿਲ ਦੀ ਗੱਲ ਆਪਣੇ ਹੀ ਦਿਲ ਅੰਦਰ ਓਫ
ਕਿੰਨੀਆਂ ਇੱਟਾਂ ਲੱਗਦੀਆਂ ਹਨ ਇੱਕ ਛੋਟੀ
ਜਿਹੀ ਗੱਲ ਨੂੰ ਦਫਨਾਉਣ ਲਈ

***ਕਦੇ ਕਦੇ ਰੂਹ ਦੀ ਗੁਫਾ ਵਿੱਚ ਮਾਤਮ ਜਿਹਾ
ਛਾਹ ਜਾਂਦਾ ਹੈ ਸਭ ਕੁਝ ਖੰਡਰ ਖੰਡਰ ਜਿਹਾ
ਜਾਪਦਾ ਹੈ ਸਭ ਕੁਝ ਅੰਜੂ ਧੁਆਂਖਿਆ
ਧੁਆਂਖਿਆ ਲੱਗਦਾ ਹੈ

***ਕਦੇ ਕਦੇ ਜਿੰਦਗੀ ਵਿਰਾਨ, ਹਨੇਰਿਆਂ
ਭਰੀ ਸੜਕ ਦੀ ਤਰਾਂ ਹੁੰਦੀ ਹੈ

***ਤੁਸੀਂ ਕਿਸੇ ਰੇਡਿਓ ਜਾਂ ਟੀ ਵੀ ਚੈਨਲ ਦੇ
ਪ੍ਰੈਜੰਟਰ ਹੋ ਬਹੁਤ ਵਧੀਆ ਗੱਲ ਹੈ ਤੁਹਾਡੀ
ਅੰਦਰ ਐਸੀ ਸਮਰੱਥਾ ਹੋਵੇਗੀ ਤਾਂ ਹੀ ਤਾਂ
ਤੁਸੀਂ ਦੁਨੀਆਂ ਦੇ ਸਾਹਮਣੇ ਬੈਠੇ ਹੋ ਹਰ
ਕਿਸੇ ਦੇ ਟੇਡੇ ਮੇਢੇ ਸਵਾਲਾਂ ਦਾ ਜਵਾਬ ਦੇਣ
ਵਾਸਤੇ ਪਰ ਜੇਕਰ ਤੁਸੀਂ ਇਹ ਸੋਚ ਕੇ
ਘਮੰਡ ਕਰ ਰਹੇ ਹੋ ਕਿ ਤੁਹਾਡੇ ਤੋਂ ਵਧੀਆ
ਕੋਈ ਪ੍ਰਜੈਟੰਰ ਹੋ ਹੀ ਨਹੀਂ ਸਕਦਾ ਹੈ ਜਾਂ
ਇਹ ਸੋਚ ਕੇ ਘਮੰਡ ਅਤੇ ਆਪਣੇ ਸਰੋਤਿਆਂ
ਨਾਲ ਰੁੱਖਾ ਬੋਲੋ ਕਿ ਇਹ ਦੱਸਣ ਦੀ ਕੋਸ਼ਿਸ਼
ਕਰਦੇ ਹੋ ਕਿ ਤੁਹਾਡੇ ਵਰਗੀ ਹਸਤੀ ਕੋਈ ਹੋ
ਹੀ ਨਹੀਂ ਸਕਦੀ ਹੈ। ਇਸ ਵਹਿਮ ਨੂੰ ਇਸ
ਘਮੰਡ ਨੂੰ ਜਨਾਬ! ਦਿਮਾਗ ਵਿੱਚੋਂ ਕੱਢ ਦਿਉ
ਕਿਉਂਕਿ ਸਰੋਤਿਆਂ ਬਗੈਰ ਟੀ ਵੀ ਅਤੇ
ਰੇਡਿਉ ਪ੍ਰਜੈਟੰਰ ਦੀ ਕੋਈ ਹਸਤੀ ਨਹੀਂ ਹੈ
ਅਤੇ ਹਰ ਸਰੋਤਾ ਆਪਣਾ ਸਵੈਮਾਣ ਰੱਖਦਾ
ਹੈ ਆਪਣਾ ਮਿਆਰ ਰੱਖਦਾ ਹੈ

***ਤੁਸੀਂ ਇੱਕ ਬਹੁਤ ਵਧੀਆ ਬੁਲਾਰੇ ਹੋ ਬਹੁਤ ਵਧੀਆ ਗੱਲ ਹੈ ਰੇਡਿਉ ਟੀ ਵੀ ਉੱਤੇ ਤੁਹਾਡੇ ਆਉਣ ਦੀ ਖਾਸ ਉਡੀਕ ਕੀਤੀ ਜਾਂਦੀ ਹੈ ਕਿ ਕਦ ਫਲਾਣਾ ਬੁਲਾਰਾ/ਬੁਲਾਰੀ ਆਪਣੇ ਉੱਚ ਕੋਟੀ ਦੇ ਵਿਚਾਰ ਟੀ ਵੀ ਦੇ ਦਰਸ਼ਕਾਂ ਨਾਲ ਜਾਂ ਰੇਡਿਉ ਦੇ ਸਰੋਤਿਆਂ ਨਾਲ ਸਾਂਝਾ ਕਰੇ ਇਹ ਤਾਂ ਹੋਰ ਵੀ ਖੁਸ਼ੀ ਦੀ ਗੱਲ ਹੈ ਕਿ ਤੁਹਾਡੇ ਵਿੱਚ ਜਰੂਰ ਐਸੀ ਸਮਰੱਥਾ ਹੋਵੇਗੀ ਜਿਹੜਾ ਤੁਸੀਂ ਦੂਜਿਆਂ ਨਾਲੋਂ ਵੱਖਰੀ ਅਤੇ ਸੁਲਝੀ ਗੱਲ ਕਰਦੇ ਹੋ ਅਤੇ ਲੋਕ ਤੁਹਾਡਾ ਬੇਸਬਰੀ ਨਾਲ ਇੰਤਜਾਰ ਕਰਦੇ ਹਨ ਪਰ ਜੇਕਰ ਤੁਸੀਂ ਇਸ ਘਮੰਡ ਨਾਲ ਗੱਲ ਕਰੋ ਜਾਂ ਇਸ ਹੰਕਾਰ ਅਤੇ ਜੋਸ਼ ਨਾਲ ਗੱਲ ਕਰੋ ਕਿ ਤੁਹਾਡਾ ਵਰਗਾ ਕੋਈ ਬੁਲਾਰਾ/ਬੁਲਾਰੀ ਰੇਡਿਉ ਟੀ ਵੀ ਉੱਤੇ ਆ ਕੇ ਬੋਲ ਹੀ ਨਹੀਂ ਸਕਦਾ ਹੈ ਤੁਹਾਡੀ ਮਹਾਂਮੂਰਖਤਾ ਹੈ ਇਸ ਦੁਨੀਆਂ ਵਿੱਚ ਬਹੁਤ ਸਾਰੇ ਖਮੋਸ਼ ਰੁਸਤਮ ਬੈਠੇ ਹਨ

ਜਿਹਨਾਂ ਦੀ ਖਮੋਸ਼ੀ ਹੀ ਉਹਨਾਂ ਦੇ ਪ੍ਰਭਾਵ ਨੂੰ
ਦਰਸਾ ਰਹੀ ਹੁੰਦੀ ਹੈ ਅਤੇ ਲੋਕ ਉਸਦੇ
ਸਿਰਫ ਇੱਕ ਹੀ ਇਸ਼ਾਰੇ ਉੱਤੇ ਹਸ਼ ਹਸ਼
ਕਰ ਉੱਠਦੇ ਹਨ ਜਨਾਬ!ਤੁਹਾਡੀ ਸੋਚ ਅਤੇ
ਵਿਚਾਰਾਂ ਤੋਂ ਅਗਾਂਹ ਵੀ ਰੁਸਤਮੇ-ਦੁਨੀਆਂ
ਬੈਠੀ ਹੈ

***ਕਈ ਬਾਰ ਅਸੀਂ ਆਪਣੀ ਊਣਤਾਈ ਨੂੰ ਆਪਣੇ ਅੰਦਰਲੇ ਡਰ ਨੂੰ ਆਪਣੇ ਹੌਂਸਲਿਆਂ ਦੀ ਹੋਈ ਹਾਰ ਨੂੰ ਲਕੋਣ ਲਈ ਕਾਮਯਾਬ ਇਨਸਾਨ ਦੀ ਬੁਰਾਈ ਕਰਨਾ ਸ਼ੁਰੂ ਕਰ ਦਿੰਦੇ ਹਾਂ । ਉਸ ਉੱਤੇ ਆਪਣੇ ਮਨ ਦੀ ਮੈਲ, ਆਪਣੀ ਭੱਦੀ ਸੋਚ ਆਪਣੀ ਈਰਖਾ ਦਾ ਭੈੜੇ ਵਿਚਾਰਾਂ ਭਰਿਆ ਗਾਰਾ ਸੁੱਟਣਾ ਸ਼ੁਰੂ ਕਰ ਦਿੰਦੇ ਹਾਂ ਇਹ ਸੋਚ ਕੇ ਕਿ ਸ਼ਾਇਦ ਇਹ ਹੌਂਸਲੇ ਬੁਲੰਦ ਇਨਸਾਨ ਸਾਡੇ ਇਸ ਪਰਚੰਡ ਤੋਂ ਡਰ ਕੇ ਘਬਰਾ ਕੇ ਸਾਡੇ ਹਾਣ ਦਾ ਬਣ ਜਾਵੇਗਾ ਪਰ ਉਹ ਮੂਰਖ ਭੁੱਲ ਜਾਂਦੇ ਹਨ ਕਿ ਕਮਲ ਤਾਂ ਹਮੇਸ਼ਾ ਦਲਦਲੀ ਮਿੱਟੀ ਅਤੇ ਖੜ੍ਹੇ ਪਾਣੀ ਵਿੱਚ ਹੀ ਉੱਗਦਾ ਹੈ। ਜਿੰਨੀ ਉਸਦੇ ਆਲ ਦੁਆਲ ਗਾਰਾ ਮਿੱਟੀ ਅਤੇ ਖੜਾ ਪਾਣੀ ਹੋਵੇ ਕਮਲ ਦਾ ਅਕਾਰਸ਼ਣ ਵਧੇਗਾ ਉਨੀ ਹੀ ਜ਼ਿਆਦਾ ਉਹ ਪ੍ਰਸਿੱਧੀ ਪਾਏਗਾ

***ਸੋ ਸਾਲ ਜੀਣ ਵਾਲਾ ਬੰਦਾ ਵੀ ਉਹ ਹੀ ਗੱਲਾਂ
ਕਰੇਗਾ ਜਿਹੜੀਆਂ ਗੱਲਾਂ ਆਮ ਉਮਰ ਭੋਗਣ
ਵਾਲਾ ਇਨਸਾਨ ਕਰਦਾ ਹੈ ਹਾਏ ਮਜਬੂਰੀ
ਦੁੱਖ, ਸੰਤਾਪ, ਬਿਮਾਰੀ, ਜਵਾਨਾਂ ਦੀ ਮੌਤ ਦਾ
ਦੁੱਖ, ਕੁਦਰਤੀ ਆਫਤਾਂ ਦੀ ਮਾਰ, ਗਰੀਬੀ
ਅਤੇ ਜੰਗਾਂ ਦੇ ਦਿਨਾਂ ਦਾ ਵੇਲਾ, ਬੰਦੂਕਾਂ ਦੀ
ਤਾੜ ਤਾੜ

***ਕਦੇ ਕਦੇ ਅਸੀਂ ਆਪਣੇ ਆਪ ਤੋਂ ਘਬਰਾਉਣਾ
ਸ਼ੁਰੂ ਕਰ ਦਿੰਦੇ ਹਾਂ। ਆਪਣੀ ਦਿੱਖ ਤੋਂ
ਆਪਣੇ ਰੋਜਾਨਾ ਦੇ ਪਹਿਨਣ ਵਾਲੇ ਪਹਿਰਾਵੇ
ਤੋਂ, ਜਿੰਦਗੀ ਦਾ ਲਿਬਾਸ ਫਿੱਕਾ ਜਿਹਾ ਲੱਗਣ
ਲੱਗ ਜਾਂਦਾ ਹੈ ਸਾਡੇ ਕੋਲ ਦੀ ਹਰ ਕੋਈ ਜਾਂ
ਅਸੀਂ ਉਹਨਾਂ ਕੋਲੋਂ ਗਰਦਨ ਨੂੰ ਸੁੱਟ ਕੇ, ਮੂੰਹ
ਲੱਕੋਂ ਕੇ ਲੰਘਣਾ ਸ਼ੁਰੂ ਕਰ ਦਿੰਦੇ ਹਾਂ ਕਿ,
ਉਹ ਹੀ ਸ਼ਕਲ ਸੂਰਤ, ਉਹੀ ਕੱਪੜਿਆਂ ਦੇ
ਰੰਗ, ਉਹ ਘਸੀਆਂ ਪਿੱਟੀਆਂ ਗੱਲਾਂ, ਉਹੀ
ਰੋਂਦੂ ਚਿਹਰਾ, ਜਿੰਦਗੀ ਫਿੱਕੀ ਜਿਹੀ ਲੱਗਣ
ਲੱਗ ਜਾਂਦੀ ਹੈਫਿਰ ਦਿਲ ਕਰਦਾ ਹੈ ਸਮਾਜ
ਨੂੰ ਆਪਣੇ ਨਵੇਂ ਚਾਵਾਂ ਤੋਂ ਜਾਣੂੰ ਕਰਾਉਣ ਨੂੰ
ਆਪਣੇ ਆਪ ਦੀ ਮੂਰਤ ਵਿੱਚ ਅਜੀਬੋ ਗਰੀਬ
ਰੰਗ ਭਰਨ ਨੂੰ ਦਿਲ ਕਰਦਾ ਹੈ ਆਪਣੇ ਉੱਤੇ
ਆਪੇ ਚਿੱਤਰਕਾਰੀ ਕਰਨ ਨੂੰ ਦਿਲ ਕਰਦਾ ਹੈ
ਆਪਣੀ ਮਨ ਮਰਜੀ ਦਾ ਜੀਣ ਨੂੰ ਦਿਲ
ਕਰਦਾ ਹੈ। ਕਿਉਂ ਨਹੀਂ ਇਜਾਜਤ ਹੈ ਤੁਹਾਨੂੰ

ਦਿਲ ਖੋਲ ਕੇ ਜੀਣ ਦੀ, ਜਿਵੇਂ ਤੁਹਾਡੀ
ਮਰਜੀ ਹੈ ਜਿੰਦਗੀ ਨੂੰ ਜਿਸ ਤਰਾਂ ਮਰਜੀ
ਜਿਉਂ, ਪਰ ਸ਼ਰਤ ਹੈ ਕੇ ਤੁਹਾਡੀ ਖੁਸ਼ੀ ਅਤੇ
ਤੁਹਾਡੀ ਅਜਾਦੀ ਕਾਰਨ ਸਮਾਜ ਨੂੰ ਬੇਸਕੂੰਨ
ਅਤੇ ਤਲਖੀ ਭਰਿਆ ਮਹੌਲ ਦਾ ਸਾਹਮਣਾ
ਨਾ ਕਰਨਾ ਪਵੇ।

*** ਮਰਦ ਆਪਣੇ ਉੱਤੇ ਆਈ ਕਾਮ ਦੀ ਬਹਾਰ ਦੇ ਜੋਸ਼ ਨੂੰ ਕਿਸੇ ਤਵਾਇਫ ਕੋਲ ਜਾ ਕੇ ਫਰਜੀ ਸਰੀਰਕ ਸਕੂਨ ਤਾਂ ਪ੍ਰਾਪਤ ਕਰ ਸਕਦਾ ਹੈ ਪਰ ਪਿਆਰ ਕਰਨ ਵਾਸਤੇ, ਆਪਣੇ ਭਾਵਾਂ ਦਾ ਪ੍ਰਗਟਾਅ ਕਰਨ ਵਾਸਤੇ, ਮਾਨਸਿਕ ਤਨਾਓ, ਜਿੰਦਗੀ ਦੀ ਥਕਾਵਟ ਦੂਰ ਕਰਨ ਵਾਸਤੇ, ਉਸਨੂੰ ਆਪਣੀ ਪ੍ਰੇਮਿਕਾ ਦੀ ਅਗੋਸ਼ ਵਿੱਚ ਹੀ ਆਉਣਾ ਪਵੇਗਾ ਜਿੱਥੇ ਆ ਕੇ ਉਹ ਟਿਕਾਊ ਅਨੰਦ ਅਤੇ ਖੁਸ਼ੀ ਪ੍ਰਾਪਤ ਕਰਦਾ ਹੈ।

*** ਜਿਸ ਵੀ ਚੀਜ਼ ਉੱਤੇ ਪਬੰਧੀ ਲਾਈ ਜਾਵੇ ਉਹ
ਉਨੀਂ ਹੀ ਖੁੱਲ ਕੇ ਸਾਹਮਣੇ ਆਉਂਦੀ ਹੈ।
ਉਨੀ ਹੀ ਜ਼ਿਆਦਾ ਲੋਕਾਂ ਦੀ ਪ੍ਰਦਰਸ਼ਣੀ
ਬਣਦੀ ਹੈ। ਦੋ ਲੜਕੀਆਂ ਸਨ ਇੱਕ ਹਿੰਦੂ
ਅਤੇ ਇੱਕ ਮੁਸਲਮਾਨ ਪਰਿਵਾਰ ਦੀ।
ਜਰਮਨੀ ਦੇ ਗੋਟਿੰਗਨ ਸ਼ਹਿਰ ਵਿੱਚ ਰਹਿਣ
ਵਾਲਾ ਪਰਿਵਾਰ ਸੀ। ਮੁਸਲਮਾਨ ਲੜਕੀ ਦੇ
ਮਾਪੇ ਐਨ ਹਿੰਦੂ ਲੜਕੀ ਦੇ ਮਾਪਿਅਧ ਵਾਂਗਰ
ਸਨ ਧਾਰਮਿਕ, ਕੱਟੜ, ਪੁਰਾਣੇ ਰੀਤੀ
ਰਿਵਾਜਾਂ ਨੂੰ ਮੰਨਣ ਵਾਲੇ। ਦੋਨਾਂ ਪਰਿਵਾਰਾਂ
ਭਾਵੇਂ ਆਪਸ ਵਿੱਚ ਇੱਕ ਦੂਸਰੇ ਨੂੰ ਨਹੀਂ
ਜਾਣਦੇ ਸਨ ਪਰ ਲੜਕੀਆਂ ਦਾ ਸਕੂਲ ਇੱਕ
ਹੋਣ ਕਰਕੇ ਦੋਨੋ ਆਪਸ ਵਿੱਚ ਸਹੇਲੀਆਂ
ਸਨ। ਹਿੰਦੂ ਪਰਿਵਾਰ ਦੇ ਮਾਪੇ ਆਪਣੀ ਧੀ
ਨੂੰ ਜਿੱਥੇ ਆਪਣੇ ਧਰਮ ਦੀ ਪਾਬੰਧ ਅਤੇ
ਰੀਤੀ ਰਿਵਾਜ ਸੰਸਕ੍ਰੀਤੀ ਦਾ ਪਾਠ ਪੜਾਉਂਦੇ
ਸਨ ਉੱਥੇ ਨਾਲ ਨਾਲ ਆਪਣੀ ਧੀ ਨੂੰ ਢੰਗ

ਨਾਲ ਕੱਪੜੇ ਪਹਿਨਣ ਸਰੀਰ ਨੂੰ ਢੱਕਣ ਅਤੇ ਸਾਦਗੀ ਦਾ ਵੀ ਪਾਠ ਪੜਾਉਂਦੇ ਸਨ। ਐਨ ਇਸੇ ਤਰਾਂ ਮੁਸਲਿਮ ਪਰਿਵਾਰ ਵੀ ਆਪਣੀ ਧੀ ਨੂੰ ਨਵਾਜ ਦੀ ਪਬੰਧ, ਬੁਰਕੇ ਦੀ ਪਾਬੰਧ, ਸਾਦਗੀ ਅਤੇ ਨੇਕ ਇਨਸਾਨ ਬਣਨ ਦੀ ਮਤ ਦਿੰਦੇ ਸਨ। ਇੱਕ ਦਿਨ ਅਚਾਨਕ ਹਿੰਦੂ ਅਤੇ ਮੁਸਲਮਾਨ ਲੜਕੀ ਦੋਨੋ ਸਕੂਲ ਵਿੱਚ ਆਪਣੇ ਪਹਿਰਾਵੇ ਅਤੇ ਮਾਪਿਆਂ ਦੀ ਦਿੱਤੀ ਸਿਖ ਦੇ ਉਲਟ ਦੇਖਣ ਨੂੰ ਮਿਲੀਆਂ। ਹਿੰਦੂ ਲੜਕੀ ਨੇ ਮਿੰਨੀ ਸਾਕਰਟ ਅਤੇ ਅੱਧ ਢੱਕੇ ਸਰੀਰ ਉੱਤੇ ਚੱਪਾ ਕੁ ਕੱਪੜ਼ਾ(ਟੌਪ) ਪਹਿਨਿਆ ਸੀ ਅਤੇ ਮੁਸਲਮਾਨ ਲੜਕੀ ਬਿੰਨਾ ਬੁਰਕੇ ਅਤੇ ਮੇਕਅੱਪ ਨਾਲ ਸਜੀ ਨਜ਼ਰ ਆਈ ਦੇਖਣ ਵਾਲੇ ਨੇ ਹੈਰਾਨ ਹੋ ਕਿ ਪੁੱਛਿਆ ਕਿ ਮੈਂ ਹੈਰਾਨ ਹਾਂ ਤੁਸੀਂ ਆਪਣੇ ਘਰ ਅਤੇ ਗਲੀ ਮੁਹੱਲੇ ਵਿੱਚ ਕਿਸੇ ਹੋਰ ਰੂਪ ਵਿੱਚ ਹੁੰਦੀਆਂ ਹੋ ਅਤੇ ਸਕੂਲ ਵਿੱਚ ਕਿਸੇ ਹੋਰ ਰੂਪ ਵਿੱਚ

ਉਹਨਾਂ ਵਿੱਚੋਂ ਇੱਕ ਲੜਕੀ ਬੋਲੀ ਸਾਨੂੰ
ਆਪਣੇ ਦੋ ਰੂਪ ਧਾਰਣੇ ਕਰਨੇ ਹੀ ਪੈਣੇ ਸੀ
ਕਿਉਂਕਿ ਅਸੀਂ ਕੱਟੜ ਮਾਪਿਆਂ ਦੀਆਂ
ਅਜਾਦ ਖਿਆਲੀ ਮੁੱਲਕ ਵਿੱਚ ਪੈਦਾ ਹੋਈ
ਔਲਾਦ ਹਾਂ ਉਹ ਅੱਜ ਵੀ ਸਦੀਆਂ ਪੁਰਾਣੇ
ਹੁਕਮ ਨੂੰ ਸਾਡੇ ਉੱਤੇ ਕਿਸੇ ਹੁਕਮਰਾਨ ਵਾਂਗ
ਲਾਗੂ ਕਰਕੇ ਸਾਨੂੰ ਹੋਰ ਕਮਜੋਰ ਅਤੇ ਡਰੂ
ਜਿੰਦਗੀ ਜੀਣ ਵਾਲੀਆਂ ਔਰਤਾਂ ਬਣਾ ਰਹੇ
ਹਨ ਉਹਨਾਂ ਦੀਆਂ ਭਾਵਨਾਂ ਨੂੰ ਠੇਸ ਨਾ ਲੱਗੇ,
ਸਾਡੇ ਘਰ ਦੀਆਂ ਚਾਰ ਦਿਵਾਰੀਆਂ ਵਿੱਚ
ਵੱਸਣ ਵਾਲੀਆਂ ਸਾਡੀਆਂ ਮਾਵਾਂ ਇਹ ਨਹੀਂ
ਜਾਣਦੀਆਂ ਕਿ ਜਿਸ ਮੁਲਕ ਵਿੱਚ ਉਨ੍ਹਾਂ ਨੇ
ਸਾਨੂੰ ਪੈਦਾ ਕੀਤਾ ਹੈ ਉਹ ਮੁਲਕ ਸਾਡੀ
ਪੈਦਾਇਸ਼ ਸਮੇਂ ਅਜਾਦ ਖਿਆਲੀ ਮੁਲਕ ਸੀ
ਤੇ ਅਸੀਂ ਆਪਣੇ ਇਸ ਦੇਸ਼ ਦੀਆਂ ਨਾਗਰਿਕ
ਹਾਂ ਅਤੇ ਆਪਣੀ ਦੇਸ਼ ਦੇ ਵੇਸ ਵਿੱਚ ਜੀਣਾ
ਪਸੰਦ ਕਰਦੀਆਂ ਹਾਂ।

***ਮੇਰੀ ਸੋਚ ਅਨੁਸਾਰ ਪਿਆਰ ਇੱਕ ਐਸਾ ਵਿਸ਼ਾ ਹੈ। ਜਿਸ ਨੂੰ ਹਰ ਕੋਈ ਸੁਣਨਾ ਪੜ੍ਹਨਾ ਅਤੇ ਮਾਨਣਾ ਚਾਹੁੰਦਾ ਹੈ ਹਰ ਕੋਈ ਇਸ ਖੂਬਸੂਰਤ ਟਾਪੂ ਦਾ ਸ਼ਹਿਨਸ਼ਾਹ ਬਣਨਾ ਚਾਹੁੰਦਾ ਹੈ। ਹਰ ਕੋਈ ਇਸ ਟਾਪੂ ਦੀ ਸੈਰ ਕਰਨਾ ਚਾਹੁੰਦਾ ਹੈ ਹਰ ਕੋਈ ਸੋਚਦਾ ਹੈ ਕਿ ਕਾਸ਼! ਮੈਨੂੰ ਐਸਾ ਸਾਥੀ ਸੱਜਣ ਐਸਾ ਮਿਲੇ ਜਿਹੜਾ ਮੇਰਾ ਫਿਕਰ ਕਰੇ ਮੈਨੂੰ ਪਿਆਰ ਕਰੇ ਅਸੀਂ ਜੇਕਰ ਜ਼ਰੇ ਜ਼ਰੇ ਵੱਲ ਝਾਤ ਮਾਰੀਏ ਤਾਂ ਸਮਝ ਪੈ ਜਾਵੇਗਾ ਕਿ ਛੋਟੇ ਤੋਂ ਛੋਟੇ ਕਣ ਵੀ ਪਿਆਰ ਨੂੰ ਲੋਚਦਾ ਹੈ ਧਰਤੀ ਉੱਤੇ ਉੱਘੇ ਦਰਖਤ, ਫੁੱਲ, ਘਾਹ, ਜੰਗਲੀ ਵੇਲ ਬੂਟੀਆਂ ਸਭ ਪਿਆਰ ਨੂੰ ਲੋਚਦੇ ਹੁਲਾਰੇ ਲੈਂਦੇ ਹਨ ਤੁਸੀਂ ਆਮ ਸੁਣਿਆ ਵੀ ਹੋਵੇਗਾ ਕਿ ਕਈ ਐਸੇ ਦਰਖਤ, ਫੁੱਲ ਵੀ ਹਨ ਜਿਹੜੇ ਇਨਸਾਨ ਦੇ ਪਿਆਰ ਭਰੇ ਬੋਲਾਂ ਨੂੰ ਸੁਣਕੇ ਵਧਦੇ ਫੁੱਲਦੇ ਹਨ ਉਹਨਾਂ ਦੇ ਲਾਗੇ ਬੈਠ ਕੇ

ਜਿੰਨੀਆਂ ਪਿਆਰ ਭਰੀਆਂ, ਪਿਆਰ ਭਰੇ ਬੋਲ
ਬੋਲੋ ਜਾਣ ਉਹ ਉਨਾਂ ਬੋਲਾਂ ਵਿੱਚੋਂ ਨਿਲਦੀਆਂ
ਚੰਗੀਆਂ ਤਰੰਗਾਂ ਦਾ ਵਾਤਾਵਰਨ ਵਿੱਚ ਫੈਲੇ
ਤੰਦਰੁਸਤ ਅਤੇ ਖੁਸ਼ਗਵਾਰ ਮਹੌਲ ਦੇ ਸਾਹ
ਭਰਦੇ ਹਨ ਅਤੇ ਆਪਣੇ ਕਦ ਨਾਲੋਂ ਜ਼ਿਆਦਾ
ਹੋਰ ਵਧਦੇ ਹਨ ਇਸੇ ਤਰਾਂ ਜਾਨਵਰ ਵੀ
ਪਿਆਰ ਦੀ ਭਾਸ਼ਾ, ਪਿਆਰ ਦੀ ਤੱਕਣੀ
ਪਿਆਰ ਦੀ ਪਲੋਸ ਲੋਚਦੇ ਹਨ ਜਾਨਵਰ ਵੀ
ਪਿਆਰ ਸਦਕਾ, ਇੱਕ ਦੂਜੇ ਦੇ ਬੱਚਿਆਂ ਨੂੰ
ਪਾਲਦੇ ਹਨ ਸਾਨੂੰ ਅਕਸਰ ਟੀ, ਵੀ ਰੇਡਿਉ
ਵਿੱਚ ਦੇਖਣ ਨੂੰ ਖੜਨ ਨੂੰ ਸੁਣਦਾ ਨੂੰ ਮਿਲਦਾ
ਹੀ ਰਹਿੰਦਾ ਹੈ ਕਿ ਸ਼ੇਰ ਦੇ ਬੱਚੇ ਨੂੰ
ਬਣਮਾਨਸ ਪਿਆਰ ਕਰ ਰਿਹਾ ਹੈ ਉਸ ਨਾਲ
ਲੋਟ ਬਾਜ਼ੀਆ ਮਾਰ ਰਿਹਾ ਹੈ ਬਿੱਲੀ ਦੇ ਬੱਚੇ
ਕੁੱਤੀ ਦਾ ਦੁੱਧ ਪੀ ਕੇ ਵੱਡੇ ਹੋ ਰਹੇ ਹਨ ਕੁੱਤੀ
ਜਿਵੇਂ ਆਪਣੇ ਬੱਚਿਆਂ ਨੂੰ ਪਿਆਰ ਕਰਦੀ ਹੈ
ਉਵੈਂ ਉਹ ਬਿੱਲੀ ਦੇ ਬੱਚਿਆਂ ਨੂੰ ਵੀ ਪਿਆਰ

ਕਰਦੀ ਹੈ ਇਸੇ ਤਰਾਂ ਦਾ ਪਿਆਰ, ਤੋਤੇ,
ਕਬੂਤਰਾਂ ਅਤੇ ਚਿੜੀਆਂ ਵਿੱਚ ਵੇਖ ਸਕਦੇ ਹਾਂ
ਇਕੱਠੇ ਚੋਗਾ ਚੁਗ ਰਹੇ ਪੰਛੀਆਂ ਵਿੱਚੋਂ ਕੁਝ
ਕੁ ਪੰਛੀ ਕਈ ਇੱਕ ਦੂਜੇ ਦੇ ਬੱਚਿਆਂ ਦੀਆਂ
ਚੁੰਝਾਂ ਵਿੱਚ ਚੋਗਾ ਪਾ ਰਹੇ ਹੁੰਦੇ ਹਨ ਜਦ
ਬਨਸਪਤੀ, ਪਸ਼ੂ, ਪੰਛੀਆਂ ਵਿੱਚ ਪਿਆਰ ਦੀ
ਖਿੱਚ ਹੋ ਸਕਦੀ ਹੈ ਫਿਰ ਬੰਦੇ ਲਈ ਤਾਂ
ਸੁਭਾਵਕ ਹੀ ਹੈ। ਪਿਆਰ ਇੱਕ ਐਸੀ
ਖੂਬਸੂਰਤੀ ਦਾ ਨਾਂ ਹੈ ਜਿਸ ਦੀ ਸੈਰ ਹਰ
ਕੋਈ ਕਰਨਾ ਚਾਹੁੰਦਾ ਹੈ ਪਿਆਰ ਦੇ ਸੰਸਾਰ
ਦਾ ਵਸਨੀਕ ਹਰ ਕੋਈ ਬਣਨਾ ਚਾਹੁੰਦਾ ਹੈ।
ਹਰ ਕੋਈ ਪਿਆਰ ਦੇ ਸਹਾਰੇ ਜਿੰਦਗੀ ਦਾ
ਪਹੀਆ ਤੋਰਨਾ ਚਾਹੁੰਦਾ ਹੈ ਪਿਆਰ ਦੀ
ਖਾਤਰ ਜੀਣਾ ਚਾਹੁੰਦਾ ਹੈ। ਫਿਰ ਸਾਨੂੰ ਮੰਨਣਾ
ਪਵੇਗਾ ਕਿ ਪਿਆਰ ਸਾਡੀ ਜਿੰਦਗੀ ਦਾ ਇੱਕ
ਐਸਾ ਧੁਰਾ ਹੈ ਜਿਸ ਦੇ ਦੁਆਲੇ ਅਸੀਂ
ਪਰਿਕਰਮਾ ਕਰ ਰਹੇ ਹਾਂ। ਪਿਆਰ ਵਾਲਾ

ਸੁਭਾਅ ਸਾਡਾ ਪੈਦੇਸ਼ੀ ਸੁਭਾਅ ਹੈ। ਨਫਰਤ,
ਅਕਰੋਸ਼, ਸਾਡੇ ਅੰਦਰ ਸਾਡੀ ਸੋਚ ਭਰਦੀ ਹੈ
ਜਦ ਅਸੀਂ ਆਪਣੇ ਆਪ ਨਾਲੋਂ ਜੁਦਾ ਹੋ ਕੇ
ਆਵਾਗੌਣ ਸੋਚਣਾ ਸ਼ੁਰੂ ਕਰਦੇ ਹਾਂ ਦਿਲ ਦੇ
ਉਸ ਜਿੱਦੀ ਬਾਲਕ ਬਾਰੇ ਸੋਚਣਾ ਸ਼ੁਰੂ ਕਰ
ਦਿੰਦੇ ਹਾਂ ਜਿਹੜਾ ਖਿਡੌਣੇ ਦੀ ਇੱਛਾ ਵਾਸਤੇ
ਚੰਦ ਦੀ ਜਿੱਦ ਕਰਦਾ ਹੈ ਅਸੀਂ ਜਦ ਜਿੱਦੀ
ਅੜੀਅਲ ਹੋ ਜਾਂਦੇ ਹਾਂ ਫਿਰ ਅਸੀਂ ਸਥਿਤੀ
ਦਾ ਸਮਝੇ, ਜਾਣੇ ਪੜਤਾਲੇ ਬਗੈਰ ਨਤੀਜਾ
ਕੱਢਣਾ ਸ਼ੁਰੂ ਕਰ ਦਿੰਦੇ ਹਾਂ ਅਸੀਂ ਆਪਣੇ
ਅੰਦਰ ਖੁਰਦਰਾ ਪਨ ਪੈਦਾ ਕਰ ਲੈਦੇ ਹਾਂ
ਇੱਕ ਖਾਰ ਖਾਦਾ ਸਾੜੇ ਭਰਿਆ ਮਹੌਲ
ਆਪਣੇ ਦੁਆਲ ਉਸਾਰ ਲੈਦੇ ਹਾਂ, ਉਸ ਮਹੌਲ
ਦੇ ਧੁੰਏ ਵਿੱਚ ਸਾਹ ਖਿੱਚ ਖਿੱਚ ਕੇ ਝਗੜਾਲੂ,
ਈਰਖਾ ਭਰੇ, ਗੁੱਸੇ ਅਕਰੋਸ਼ ਵਾਲੇ ਬਣ ਜਾਂਦੇ
ਹਾਂ ਫਿਰ ਅਸੀਂ ਹਰ ਪਹਿਲੂ ਨੂੰ ਸ਼ੱਕ, ਚਿੰਤਾ
ਅਤੇ ਨੁਕਸਾਨ ਵਾਲੀ ਨਜਰ ਨਾਲ ਦੇਖਦੇ ਅਤੇ

ਸੁੰਗੜੇਂ ਹੋਏ ਦਿਮਾਗ ਨਾਲ ਸੋਚਦੇ ਹਾਂ ਅਸੀਂ
ਆਪਣੇ ਆਪ ਨੂੰ ਤਲਵਾਰ ਫੜੇ ਉਸ ਸਮਰਾਟ
ਵਾਂਗੂੰ ਸਮਝਣ ਲੱਗ ਜਾਂਦੇ ਹਾਂ, ਕਿ ਜਿੰਨੀ
ਦੇਰ ਮੈਂ ਇਸ ਦੀ ਵੱਢ ਟੁੱਕ ਨਹੀਂ ਕਰਾਂਗਾ
ਉਨੀ ਦੇਰ ਮੇਰੀ ਪਹਿਚਾਣ ਮੇਰੇ ਸੁਭਾਅ ਨੂੰ
ਮੇਰੀ ਹੋਂਦ ਨੂੰ ਕੋਈ ਨਹੀਂ ਜਾਣ ਸਕੇਗਾ ਅਸੀਂ
ਆਪਣੇ ਉੱਤੇ ਗੁਸੈਲੇ ਸੁਭਾਅ ਵਾਲੀ ਮੋਹਰ ਲਾ
ਲੈਂਦੇ ਹਾਂ ਆਪਣਾ ਸਿੱਕਾ ਪੇਸ਼ ਕਰ ਦਿੰਦੇ ਹਾਂ
ਅਸੀਂ ਇਸ ਗੱਲ ਨੂੰ ਭੁੱਲ ਜਾਂਦੇ ਹਾਂ ਕਿ
ਪਿਆਰ ਨੇ ਤਾਂ ਘਮੰਡੀ ਸ਼ਹਿਨਸ਼ਾਹਾ ਦੇ ਸਿਰ
ਝੁਕਾ ਦਿੱਤੇ ਸਨ ਉਹਨਾਂ ਦੇ ਹੱਥ ਵਿਚਲੀਆਂ
ਤਲਵਾਰਾਂ ਨਮੋਸ਼ੀ ਨਾਲ ਮੁੰਦੇ ਮੂੰਹ ਧਰਤੀ ਤੇ
ਡਿੱਗ ਪਈਆਂ ਸਨ ਅਸੀਂ ਪਿਆਰ ਭਰੀ ਸੋਚ
ਨਾਲ ਸੋਚਾਂਗੇ ਤਾਂ ਸਭ ਪਿਆਰ ਅਤੇ ਮਿਲਣ
ਸਾਰ ਲੱਗੇਗਾ ਮੈਂ ਇਸ ਗੱਲ ਨੂੰ ਵੀ ਮੰਨਦੀ
ਹਾਂ ਕਿ ਜਦ ਅਸੀਂ ਕੋਈ ਵੀ ਚੀਜ ਬਣਾਉਂਦੇ
ਸਮੇਂ ਜਿਸ ਤਰਾਂ ਦੀ ਸੋਚ ਰੱਖਦੇ ਹਾਂ ਉਸ

ਚੀਜ ਦਾ ਅਕਾਰ, ਉਸਦਾ ਪ੍ਰਭਾਵ, ਉਸਦਾ
ਅਸਰ ਸਾਡੇ ਮਨ ਵਿੱਚ ਉਸੇ ਸਮੇਂ ਦੀਆਂ ਚੱਲ
ਰਹੀਆਂ ਸੋਚਾਂ ਮੁਤਾਬਕ ਹੀ ਹੋਵੇਗਾ ਨਹੀਂ
ਯਕੀਨ ਤਾਂ ਕਰਕੇ ਦੇਖ ਲਓ ਉਦਾਹਰਨ ਦੇ
ਤੌਰ ਉੱਤੇ ਜੇਕਰ ਅਸੀਂ ਖਾਣਾ ਬਣਾਉਣ ਲੱਗੇ
ਗੁੱਸੇ, ਨਫਰਤ, ਪ੍ਰੇਸ਼ਾਨੀ ਦੇ ਮਹੌਲ ਵਿੱਚ
ਬਣਾਵਾਂਗੇ ਤਾਂ ਖਾਣ ਵਾਲੇ ਨੂੰ ਖਾਣ ਵਿੱਚ ਕੁਝ
ਕਸਰ ਨਜ਼ਰ ਜਰੂਰ ਆਵੇਗੀ ਕੁਝ ਥੁੜਿਆ
ਮਹਿਸੂਸ ਹੋਵੇਗਾ ਖਾਣਾ ਖਾਣ ਮਗਰੋਂ ਵੀ ਕੁਝ
ਅਜੀਬ ਤਰਾਂ ਦੀ ਭੁੱਖ ਮਹਿਸੂਸ ਕਰੇਗਾ ਜਿਸ
ਨੂੰ ਅਸੀਂ ਅਸੰਤੁਸ਼ਟੀ ਵੀ ਆਖ ਸਕਦੇ ਹਾਂ।
ਜਦੋਂ ਅਸੀਂ ਸਾਦਾ ਜਿਹਾ ਖਾਣਾ ਵੀ ਪਿਆਰ
ਅਤੇ ਖੁਸ਼ ਮੰਨ ਨਾਲ ਬਣਾਉਂਦੇ ਹਾ ਚੰਗੀਆਂ
ਸੋਚਾਂ ਨਾਲ ਬਣਾਉਂਦੇ ਹਾਂ ਸਾਡੇ ਉਹ ਹੀ ਹਾਵ
ਭਾਵ ਜਿਹੜੇ ਸਾਡੇ ਆਲ ਦੁਆਲੇ ਛਾਏ ਹੁੰਦੇ
ਹਨ। ਉਸਦੇ ਪਿਆਰੇ ਕਣ ਸਾਡੇ ਭੋਜਨ ਵਿੱਚ
ਸਮਾਂ ਜਾਂਦੇ ਹਨ ਅਤੇ ਸਾਨੂੰ ਸਾਦਾ ਭੋਜਨ

ਖਾਣ ਵਿੱਚ ਵੀ ਅਨੰਦ ਆਉਂਦਾ ਹੈ। ਮੰਨ
ਸੰਤੁਸ਼ਟ ਹੋ ਜਾਂਦਾ ਹੈ। ਪਿਆਰ ਇੱਕ ਐਸਾ
ਕੱਪੜਾ ਹੈ। ਜਿਹੜਾ ਸਾਨੂੰ ਸਰਦੀਆਂ ਵਿੱਚ
ਨਿੱਘਾ ਅਤੇ ਗਰਮੀਆਂ ਵਿੱਚ ਸ਼ੀਤ ਦਿੰਦਾ ਹੈ।
ਪਿਆਰ ਇੱਕ ਐਸਾ ਕੋਹਿਨੂਰ ਹੀਰਾ ਹੈ ਜਿਸ
ਨੂੰ ਗਰੀਬ ਤੋਂ ਗਰੀਬ ਵੀ ਹਾਸਲ ਕਰਕੇ
ਆਪਣੇ ਸਿਰ ਦਾ ਤਾਜ ਬਣ ਸਕਦਾ ਹੈ।
ਪਿਆਰ ਦਾ ਇਕ ਹੀ ਬੋਲ ਕੌੜੇ, ਕੁਸੈਲੇ
ਦਿਲਾਂ ਨੂੰ ਮਿਠਾਸ ਨਾਲ ਭਰ ਦਿੰਦਾ ਹੈ
ਪਿਆਰ ਦਿਲਾਂ ਵਿੱਚ ਪਈਆਂ ਨਫਰਤਾਂ ਦੀਆਂ
ਦਿਵਾਰਾਂ ਨੂੰ ਤੋੜ ਕੇ ਪੁਲ ਉਸਾਰ ਦਿੰਦਾ ਹੈ
ਜਿਸ ਪੁਲ ਉੱਤੋਂ ਦੀ ਲੰਘ ਕੇ ਅਸੀਂ ਇੱਕ
ਦੂਜੇ ਦੇ ਦਿਲਾਂ ਵਿੱਚ ਦਾਖਲ ਹੋ ਜਾਂਦੇ ਹਾਂ ਸੋ
ਤੁਸੀਂ ਸਾਰੇ ਪਿਆਰੇ ਸੱਜਣ ਹੋ ਤੁਹਾਡੇ ਵਾਸਤੇ
ਸ਼ੁੱਭ ਇੱਛਾਵਾਂ, ਪਿਆਰ ਸਤਿਕਾਰ ਪਿਆਰ
ਕਰੋ ਪਿਆਰ ਵੰਡੋ ਅਤੇ ਖੂਬਸੂਰਤ ਟਾਪੂ ਦੇ
ਸ਼ਹਿਨਸ਼ਾਹ ਬਣ ਜਾ ਜਿੰਦਾਬਾਦ

***ਮੈਂ ਤੇ ਮੇਰੀ ਤਨਹਾਈ ਅਕਸਰ ਇਕਾਂਤ ਵਿੱਚ ਮਿਲਦੀਆਂ ਹਾਂ ਤੇ ਜਿੰਦਗੀ ਦੀ ਸਿਤਾਰ ਨੂੰ ਵਜਾਉਂਦੀਆਂ ਹਾਂ

***ਪਿਆਰ ਇੱਕ ਦੈਵੀ ਤੋਹਫਾ ਹੈ। ਇਹ ਤੋਹਫਾ ਪਤਾ ਨਹੀਂ ਉਮਰ ਦੇ ਕਿਸ ਪੜਾਅ ਵਿੱਚ ਆ ਕੇ ਮਿਲ ਜਾਵੇ।

***ਕੁਝ ਕੁ ਖੁਸ਼ ਕਿਸਮਤ ਪਤੀ ਪਤਨੀ ਦੇ ਜੋੜਿਆਂ
ਨੂੰ ਛੱਡ ਕੇ ਬਾਕੀ ਦੇ ਤਕਰੀਬਨ ਇਸ ਰਿਸ਼ਤੇ
ਨੂੰ ਸਿਰਫ ਨਿਭਾ ਹੀ ਰਹੇ ਹਨ।

***ਗਲ ਵਿੱਚ ਜੈ ਮਾਲਾ ਪਾ ਦੇਣੀ ਪੰਡਿਤ ਦੇ ਮਗਰ
ਮੰਤਰਾਂ ਦਾ ਉਚਾਰਨ ਕਰ ਕੇ ਜਾਂ ਚਾਰ ਲਾਵਾ
ਲੈ ਕੇ ਜਾਂ ਅਦਾਲਤ ਵਿੱਚ ਜਾ ਕੇ ਕੁਝ ਕੁ
ਗਵਾਹਾਂ ਅੱਗੇ ਸਾਈਨ ਕਰਕੇ ਇੱਕ ਦੂਜੇ ਨੂੰ
ਪਤੀ ਪਤਨੀ ਸਵੀਕਾਰ ਕਰ ਲੈਣਾ ਹੀ ਕਾਫੀ
ਨਹੀਂ ਹੈ। ਜਦ ਤੱਕ ਦਿਲੋਂ ਇੱਕ ਦੂਜੇ ਨੂੰ
ਸਵੀਕਾਰ ਅਤੇ ਸਤਿਕਾਰ ਅਤੇ ਪਿਆਰ ਨਹੀਂ
ਦਿੱਤਾ ਜਾਂਦਾ ਉਨੀ ਦੇਰ ਪਤੀ ਨੂੰ ਪਤਨੀ ਅਤੇ
ਪਤਨੀ ਨੂੰ ਪਤੀ ਦਿਲ ਨਹੀਂ ਕਬੂਲਦਾ ।
ਦੁਨੀਆਂ ਨੂੰ ਭਾਵੇਂ ਤੁਸੀਂ ਪਤੀ ਪਤਨੀ ਵਾਂਗ
ਹੀ ਕਿਉਂ ਨਾ ਦਿਸਦੇ ਹੋਵੋ ।

***ਮੈਂ ਜਿਵੇਂ ਪਹਿਲਾਂ ਹੀ ਕਹਿ ਚੁੱਕੀ ਹਾਂ ਪਤੀ ਪਤਨੀ ਦੇ ਬੰਧਨ ਵਿੱਚ ਬੰਨੇ ਕੁਝ ਕੁ ਹੀ ਖੁਸ਼ ਕਿਸਮਤ ਲੋਕ ਹਨ ਬਾਕੀ ਸਭ ਹਸਰਤ ਭਰੀਆਂ ਸੋਚਾਂ ਨਜਰਾਂ ਹਨ ਜਿਹੜੇ ਸੋਚਦੇ ਕਿਸੇ ਬਾਰੇ ਹਨ ਅਤੇ ਜੀ ਕਿਸੇ ਹੋਰ ਨਾਲ ਰਹੇ ਹੁੰਦੇ ਹਨ। ਪਤੀ ਆਪਣੀ ਪਤਨੀ ਕੋਲ ਬੈਠਿਆਂ ਜਾਂ ਉਸਨੂੰ ਆਪਣੀਆਂ ਬਾਹਾਂ ਵਿੱਚ ਭਰਦਿਆਂ ਹਮੇਸ਼ਾ ਦੂਜੀ ਔਰਤ ਬਾਰੇ ਸੋਚੇਗਾ ਕਿ ਕਾਸ਼! ਉਹ ਮੇਰੀ ਪਤਨੀ ਹੁੰਦੀ ਮੈਂ ਉਸ ਦੇ ਲਾਗੇ ਬੈਠਦਾ ਉਸ ਨਾਲ ਪਿਆਰ ਦੀਆਂ ਗੱਲਾਂ ਕਰਦਾ ਉਸ ਦੇ ਜਿਸਮ ਨੂੰ ਛੂਹੰਦਾ ਐਨ ਉਸੇ ਤਰਾਂ ਪਤਨੀ ਆਪਣੇ ਪਤੀ ਦੀਆਂ ਬਾਹਾਂ ਵਿੱਚ ਬੈਠ ਕੇ ਦੂਜੇ ਮਰਦ ਬਾਰੇ ਸੋਚਦੀ ਹੈ।

***ਕੜਾਕੇ ਦੀ ਸਰਦੀ ਵਿੱਚ ਲੋਕ ਆਪਣੇ ਘਰਾਂ
ਵਿੱਚ ਬੈਠੇ ਵੀ ਠੁਰ ਠੁਰ ਕਰ ਰਹੇ ਸਨ ਜਦ
ਕਿ ਮੈਂ ਤੇ ਉਹ ਸਰਦੀ ਦੀ ਰੁੱਤੇ ਖੁੱਲ੍ਹੇ
ਅਸਮਾਨ ਥੱਲੇ ਬੈਠੇ ਇੱਕ ਦੂਜੇ ਦੇ ਦਿਲ ਦਾ
ਨਿੱਘ ਮਾਣ ਰਹੇ ਸੀ।

***ਮੇਰੀ ਸੋਚ ਅਨੁਸਾਰ ਜਿਵੇਂ ਕੋਈ ਤਪੱਸਿਆ ਕਰਨ
ਵਾਲਾ ਤਪੱਸਵੀ ਆਪਣੇ ਪਿਆਰੇ ਰੱਬ ਦੇ
ਪਿਆਰ ਵਿੱਚ ਉਸ ਨੂੰ ਯਾਦ ਕਰਨ ਦੇ
ਸਿਖਰ ਵਿੱਚ ਆਪਣੇ ਆਪ ਵਿੱਚ ਲੀਨ ਹੋ
ਜਾਂਦਾ ਹੈ ਆਪਣੀ ਆਤਮਾ ਨਾਲ ਜੁੜ ਜਾਂਦਾ
ਹੈ ਖਾਣ ਪੀਣਾ ਉਸ ਨੂੰ ਭੁੱਲ ਜਾਂਦਾ ਹੈ,
ਬੇਸੁੱਧ ਹੋ ਜਾਂਦਾ ਹੈ। ਆਪਣੇ ਰੱਬੀ ਇਸ਼ਕ
ਦੀ ਤੜਫ ਵਿੱਚ ਦਿਲਾਂ ਨੂੰ ਖਿੱਚ ਪਾਉ ਅਤੇ
ਵਿਰਾਗ ਭਰੇ ਬੋਲ ਬੋਲਦਾ ਅਤੇ ਲਿਖਦਾ ਹੈ
ਆਪਣੇ ਮਨ ਦੀ ਦਸ਼ਾ ਨੂੰ ਸ਼ਲੋਕ ਅਤੇ
ਦੋਹਿਆਂ ਦੇ ਰੂਪ ਵਿੱਚ ਲਿਖਦਾ ਹੈ। ਆਪਣਾ
ਮਨ ਹਲਕਾ ਕਰਨ ਵਾਸਤੇ । ਐਨ ਉਸੇ ਤਰਾਂ
ਪ੍ਰੇਮੀ ਲੋਕ ਵੀ ਇੱਕ ਦੂਜੇ ਦੀ ਲਗਨ ਵਿੱਚ
ਉਸਦੇ ਖਿਆਲਾਂ ਵਿੱਚ ਲੀਨ ਰਹਿੰਦੇ ਹਨ
ਅਤੇ ਕਈ ਤਾਂ ਵਿਰਾਗ ਦੇ ਉਸ ਸਿਖਰ ਤੱਕ
ਪੁਹੰਚ ਜਾਂਦੇ ਹਨ ਕਿ ਆਪਣੇ ਮਨ ਦੀ ਤੜਫ
ਨੂੰ ਆਪਣੀ ਦਸ਼ਾ ਨੂੰ ਦਿਵਾਨਗੀ ਨੂੰ

ਕਵਿਤਾਵਾਂ ਅਤੇ ਗਜਲਾਂ ਦੇ ਰੂਪ ਲਿਖ ਕੇ
ਮਨ ਨੂੰ ਹਲਕਾ ਕਰਦੇ ਹਨ।

***ਜਿੰਨਾ ਲੋਕਾਂ ਨੂੰ ਜਿੰਦਗੀ ਭਰ ਪਿਆਰ
ਨਹੀਂ ਮਿਲਦਾ ਉਹ ਲੋਕ ਹੌਲੀ ਹੌਲੀ ਇਸ
ਤਰਾਂ ਸਖਤ ਦਿਲ ਹੋ ਜਾਂਦੇ ਹਨ ਜਿਹੜਾ ਨਾ
ਦਰਦ ਮਹਿਸੂਸ ਕਰਦਾ ਹੈ ਨਾ ਖੁਸ਼ੀ
ਮਹਿਸੂਸ ਕਰਦਾ ਹੈ ਐਨ ਇੱਕ ਪੱਥਰ ਦੀ
ਤਰਾਂ।

***ਪਿਆਰ ਕਰਨ ਵਾਲਿਆਂ ਕੋਲ ਆਪਣੇ ਪ੍ਰੇਮੀ ਸਾਥੀ ਵਾਸਤੇ ਐਸੀ ਦਿਬਿਯਾ ਦ੍ਰਿਸ਼ਟੀ ਹੁੰਦੀ ਹੈ ਦੈਵੀ ਨਜਰ ਹੁੰਦੀ ਹੈ ਕਿ ਇੱਕ ਦੂਜੇ ਤੋਂ ਕੋਹਾਂ ਦੂਰ ਬੈਠੇ ਵੀ ਆਪਣੇ ਮਹਿਬੂਬ ਨੂੰ ਦੇਖ ਸਕਦੇ ਹਨ ਉਸ ਦੀ ਦੂਰੀ ਨਜਦੀਕੀ ਵਿੱਚ ਮਹਿਸੂਸ ਕਰ ਸਕਦੇ ਹਨ।

***ਪਿਆਰ ਇੱਕ ਐਸਾ ਪਵਿੱਤਰ ਅਹਿਸਾਸ ਹੈ।
ਜਿਉਂ ਹੀ ਪ੍ਰੇਮੀ ਜੋੜੇ ਇੱਕ ਦੂਜੇ ਨੂੰ ਯਾਦ
ਕਰਦੇ ਹਨ ਰੂਹ ਵਿੱਚ ਕੰਬਣੀ ਸਰਸਰਾਹਟ
ਛਿੜ ਜਾਂਦੀ ਹੈ। ਸਰੀਰ ਦੇ ਰੋਂਗਟੇ ਖੜੇ ਹੋ
ਜਾਂਦੇ ਹਨ। ਜਿਸਮ ਵਿੱਚ ਲਹਿਰਾਂ ਛਿੜ
ਜਾਂਦੀਆਂ ਨੇ।

***ਜਵਾਨੀ ਵੇਲੇ ਕੀਤਾ ਪਿਆਰ ਐਨ ਦੁੱਧ ਦੇ ਉਬਾਲ ਵਾਂਗ ਹੁੰਦਾ ਹੈ। ਜਿਹੜਾ ਭਾਵਨਾ ਦੇ ਵੱਸ ਪੈ ਕੇ ਇਨ੍ਹਾਂ ਸੋਚਿਆਂ ਸਮਝਿਆ ਕੀਤਾ ਜਾਂਦਾ ਹੈ ਅਤੇ ਉਨੀ ਜਲਦੀ ਉਹ ਉਬਾਲ ਖਤਮ ਹੋ ਜਾਂਦਾ ਹੈ। ਉਮਰ ਹੰਢਾ ਕੇ ਕੀਤਾ ਗਿਆ ਪਿਆਰ ਠਰ੍ਹੰਮੇ ਵਾਲਾ ਟਕਾਊ ਅਤੇ ਰੂਹ ਨੂੰ ਸਕੂਨ ਦੇਣ ਵਾਲਾ ਹੁੰਦਾ ਹੈ ਐਨ ਜਿਵੇਂ ਮਿੱਟੀ ਦੇ ਬਰਤਨ ਵਿੱਚ ਪੱਕਿਆ ਖਾਣਾ।

***ਕੀ ਤੁਸੀਂ ਮੰਨਦੇ ਹੋ ਜਾਂ ਇਸ ਗੱਲ ਵਿੱਚ ਯਕੀਨ
ਰੱਖਦੇ ਹੋ ਕਿ, ਭਗਵਾਨ, ਈਸ਼ਵਰ,
ਪਰਮਾਤਮਾ ਕਾਇਨਾਤ ਦਾ ਰਚਨਾਕਾਰ ਹੈ
ਅਤੇ ਉਹ ਹੀ ਸੰਪੂਰਨ ਹੈ ਉਸ ਦੀ ਰਚਨਾ
ਵਿੱਚ ਕਦੇ ਊਣਤਾਈ ਨਹੀਂ ਹੋ ਸਕਦੀ ਅਤੇ
ਜਿਸਨੇ ਧਰਤੀ ਦੀ ਸਿਰਜਣਾ ਕੀਤੀ ਹੈ
ਪਹਾੜਾਂ, ਸਾਗਰਾਂ, ਫੁੱਲ ਬੂਟਿਆਂ, ਦਰਖਤਾਂ
ਸਭ ਦੀ ਰਚਨਾ ਪਰਮਾਤਮਾ ਨੇ ਕੀਤੀ ਹੈ
ਜੇਕਰ ਤੁਹਾਡੀ ਸੋਚ ਅਤੇ ਵਿਸ਼ਵਾਸ ਮੁਤਾਬਕ
ਪਰਮਾਤਮਾ ਊਣਤਾਈਆਂ ਰਹਿਤ ਸੀ ਫਿਰ
ਅੱਜ ਦੇ ਮਨੁੱਖ ਨੂੰ ਆਪਣਾ ਆਲ ਦੁਆਲ
ਬਣਾਉਣ ਲਈ ਇੰਨਾ ਕੁਝ ਕਰਨ ਦੀ ਕਿਉਂ
ਖੇਚਲ ਪੈ ਰਹੀ ਹੈ? ਕਿਉਂ ਉਹ ਪਹਾੜਾਂ
ਦੀਆਂ ਬੋਦੀਆਂ ਨੂੰ ਆਪਣੀ ਜਾਨ ਤੋੜ ਕੇ
ਕੱਟਦਾ ਹੈ ਉਸ ਰਾਹੀਂ ਰਸਤੇ ਘੜਦਾ ਹੈ
ਧਰਤੀ ਦੀ ਸੁੰਦਰਤਾ ਨੂੰ ਬਿਹਤਰ ਕਰਨ
ਵਾਸਤੇ ਦਿਨ ਰਾਤ ਉਪਰਾਲੇ ਕਰਦਾ ਹੈ ਜੇਕਰ

ਪਰਮਾਤਮਾ ਨੇ ਸਭ ਕੁਝ ਪਹਿਲਾਂ ਤੋਂ ਹੀ
ਬਣਾਇਆ ਸੀ ਫਿਰ ਅੱਜ ਦਾ ਮਨੁੱਖ ਇੰਨੀ
ਕਿਉਂ ਘਾਲਣਾ ਘਾਲ ਰਿਹਾ ਹੈ ਧਰਤੀ ਦੀ
ਸੁੰਦਰ ਬਣਾਉਣ ਵਾਸਤੇ?

***ਅਸੀਂ ਜਦ ਤੀਕਰ ਆਪਣੇ ਕੰਮਾਂ ਕਾਰਾ ਵਿੱਚ
ਮਸਰੂਫ ਹੁੰਦੇ ਹਾਂ ਤਦ ਤੀਕਰ ਸਾਨੂੰ ਆਪਣੇ
ਆਲ ਦੁਆਲ ਤਾਂ ਕੀ ਆਪਣੀ ਵੀ ਹੋਸ਼ ਨਹੀਂ
ਹੁੰਦੀ ਅਤੇ ਅਸੀਂ ਬੈਲ ਦੀ ਤਰਾਂ ਜਿੰਦਗੀ ਨੂੰ
ਖਿੱਚਦੇ ਹੀ ਜਾਂਦੇ ਹਾਂ । ਸਾਨੂੰ ਇਹ ਵੀ
ਸੋਚਣ ਦੀ ਫੁਰਸਤ ਨਹੀਂ ਹੁੰਦੀ ਕਿ ਜਿੰਦਗੀ
ਵਿੱਚ ਕੁਝ ਨਵਾਂ ਕਰਨ ਦੀ ਜਾਂ ਜਿੰਦਗੀ ਵਿੱਚ
ਪਰਿਵਰਤਨ ਲਿਉਣ ਦੀ ਜਾਂ ਜਿੰਦਗੀ ਨੂੰ
ਸੌਖਾਲਾ ਕਿਵੇਂ ਬਣਾਇਆ ਜਾ ਸਕਦਾ ਹੈ।
ਅੱਜ ਤੱਕ ਦੁਨੀਆਂ ਵਿੱਚ ਜਿੰਨੀਆਂ ਵੀ ਖੋਜਾਂ
ਹੋਈਆਂ ਹਨ ਉਹ ਜ਼ਿਆਦਾ ਤਰ ਵਿਹਲੇ ਬੈਠੇ
ਇਨਸਾਨਾਂ ਨੇ ਹੀ ਕੀਤੀਆਂ ਹਨ ਬਾਅਦ ਵਿੱਚ
ਉਹ ਹੀ ਲੋਕ ਮਹਾਨ ਖੋਜੀ ਬਣ ਕੇ ਦੁਨੀਆਂ
ਸਾਹਮਣੇ ਆਏ ਹਨ।

***ਆਪਣੇ ਦੇਸ਼ ਨਾਲ ਪਿਆਰ ਹੋਣਾ ਸੁਭਾਵਕ ਹੀ ਹੈ ਅਤੇ ਹੋਣਾ ਵੀ ਚਾਹੀਦਾ ਹੈ ਪਰ ਇਸਦਾ ਮਤਲਬ ਇਹ ਨਹੀਂ ਹੈ ਕਿ ਤੁਸੀਂ ਆਪਣੇ ਦੇਸ਼ ਦੇ ਪਿਆਰ ਦੇ ਘਮੰਡ ਵਿੱਚ ਇੰਨੇ ਘਮੰਡੀ ਹੋ ਜਾਵੋ ਕਿ ਆਪਣੇ ਗੁਆਂਢੀ ਮੁਲੱਕ ਨੂੰ ਬਦਸ਼ਬਦ ਬੋਲ ਦੇ ਰਹੋ। ਜਿਸ ਤਰਾਂ ਤੁਹਾਨੂੰ ਆਪਣੇ ਦੇਸ਼ ਦੀ ਸਰ ਜੰਮੀਂ ਨਾਲ ਪਿਆਰ ਹੈ ਉਸੇ ਤਰਾਂ ਉਹ ਆਪਣੇ ਦੇਸ਼ ਦੇ ਨਾਗਰਿਕ ਹੋਣ ਦੇ ਨਾਤੇ ਉਸਨੂੰ ਆਪਣੇ ਵਤਨ ਨਾਲ ਪਿਆਰ ਹੈ। ਕਿਸੇ ਦੇ ਕੌਮੀ ਭਾਵਨਾ ਨੂੰ ਠੇਸ ਨਾ ਪੁਹੰਚਾਉ ਨਹੀਂ ਤਾਂ ਇਹ ਫੱਟੜ ਭਾਵਨਾ ਜੰਗ ਵਿੱਚ ਬਦਲ ਜਾਵੇਗੀ।

***ਤੁਸੀਂ ਜਿਸ ਵੀ ਕੌਮ ਧਰਮ ਕਬੀਲੇ ਜਾਤ ਪਾਤ
ਨਾਲ ਸਬੰਧਿਤ ਹੋ ਇਸ ਵਿੱਚ ਤੁਸੀਂ ਜਾਂ
ਸਮਾਜ ਕੁਝ ਨਹੀਂ ਕਰ ਸਕਦਾ ਪਰ ਹਾਂ
ਜੇਕਰ ਤੁਸੀਂ ਕੁਝ ਕਰ ਸਕਦੇ ਹੋ ਉਹ ਹੈ
ਪੈਦਾ ਹੋਣ ਮਗਰੋਂ ਸਭ ਧਰਮਾਂ ਦੀ, ਜਾਤ
ਪਾਤ ਦੀ ਇੱਜਤ ਅਤੇ ਸਤਿਕਾਰ ਕਰੋ।

*** ਤੁਹਾਨੂੰ ਜੋ ਚੰਗਾ ਲੱਗਦਾ ਹੈ ਉਹ ਕਰੋ ਇਹ ਤੁਹਾਡਾ ਨਿੱਜੀ ਹੱਕ ਹੈ ਕਿ ਤੁਸੀਂ ਆਪਣੀ ਇੱਛਾ ਅਨੁਸਾਰ ਕਿਸ ਦੇ ਲਾਗੇ ਬੈਠਣਾ ਉੱਠਣਾ ਪਸੰਦ ਕਰਦੇ ਹੋ ਜਾਂ ਕੀ ਪਹਿਨਣਾ ਪਸੰਦ ਕਰਦੇ ਹੋ ਜਾਂ ਕਿਸ ਤਰਾਂ ਜੀਣ ਚਾਹੁੰਦੇ ਹੋ ਇਹ ਤੁਹਾਡਾ ਇਹ ਹੱਕ ਹੈ ਇਸੇ ਨੂੰ ਹੀ ਅਜਾਦੀ ਕਹਿੰਦੇ ਹਨ ਪਰ ਹਾਂ ਇਸ ਦਾ ਮਤਲਬ ਇਹ ਨਹੀਂ ਹੈ ਕਿ ਤੁਸੀਂ ਕਿਸੇ ਦੂਜੇ ਨੂੰ ਜੋ ਮਰਜੀ ਬੋਲ ਕੇ ਉਸਦਾ ਅਪਮਾਨ ਕਰ ਜਾਵੋ। ਗਲਤ ਭਾਸ਼ਾ ਬੋਲਣੀ ਤੁਹਾਡਾ ਅਧਿਕਾਰ ਨਹੀਂ ਹੈ।

*** ਮੈਂ ਇੱਕ ਜਰਮਨ ਟੀ ਵੀ ਸ਼ੋਅ ਦੇਖ ਰਹੀ ਸੀ। ਜਿਸ ਸ਼ੋਅ ਵਿੱਚ ਅਮਰੀਕਾ ਦਾ ਮਸ਼ਹੂਰ ਜਾਦੂਗਰ ਆਪਣੇ ਜਾਦੂ ਦੇ ਕੌਤਕ ਵਿਖਾ ਰਿਹਾ ਸੀ। ਉਹ ਕਦੇ ਰੇਲ ਗੱਡੀ ਨੂੰ ਗਿੱਠ ਕੁ ਕੱਪੜੇ ਉਹਲੇ ਕਰਕੇ ਕਿੱਧਰੇ ਗਾਇਬ ਕਰ ਰਿਹਾ ਸੀ। ਕਦੇ ਆਪਣੇ ਆਪ ਨੂੰ ਲੱਕੜ ਦੇ ਡੱਬੇ ਵਿੱਚ ਬੰਦ ਕਰਕੇ ਉਸ ਡੱਬੇ ਨੂੰ ਵੱਡੇ ਸਾਰੇ ਆਰੇ ਨਾਲ ਕਟਵਾ ਕੇ ਵੀ ਸਾਬਤ ਸਬੂਤ ਡੱਬੇ ਵਿੱਚੋਂ ਬਾਹਰ ਆ ਗਿਆ ਅਤੇ ਲੋਕ ਹੈਰਾਨੀ ਨਾਲ ਦੇਖ ਰਹੇ ਸਨ। ਅਖਿਰ ਵਿੱਚ ਉਸਨੇ ਇੱਕ ਸਧਾਰਨ ਚਮਚਾ ਲਿਆ ਅਤੇ ਘਰ ਬੈਠੇ ਲੋਕਾਂ ਨੂੰ ਕਿਹਾ ਤੁਸੀਂ ਵੀ ਘਰ ਬੈਠੇ ਜਾਦੂ ਕਰ ਸਕਦੇ ਹੋ ਕਿ ਪੂਰਾ ਧਿਆਨ ਲਗਾ ਕਿ ਚਮਚੇ ਦੇ ਸਿਰ ਨੂੰ ਟੇਢਾ ਕਰਨ ਦੀ ਸੋਚ ਲੈ ਕੇ ਸੋਚ ਕੇ ਦੇਖਦੇ ਜਾਉ ਹੌਲੀ ਹੌਲੀ ਤੁਹਾਨੂੰ ਚਮਚੇ ਦਾ ਉਪਰਲਾ ਸਿਰਾ ਟੇਢਾ ਨਜਰ ਆਉਣ ਲੱਗ ਜਾਵੇਗਾ ਜਦ

ਤੁਸੀਂ ਉਸਦੇ ਸਿਰੇ ਨੂੰ ਹਲਕਾ ਜਿਹਾ ਮੋੜੋਗੇ
ਤਾਂ ਅਸਾਨੀ ਨਾਲ ਮੁੜ ਜਾਵੇਗਾ। ਮੈਂ ਵੀ
ਆਪਣੇ ਘਰ ਬੈਠੀ ਨੇ ਇਸੇ ਤਰਾਂ ਕੀਤਾ ਜਿਵੇਂ
ਟੀ ਵੀ ਵਿਚਲਾ ਜਾਦੂਗਰ ਦੱਸ ਰਿਹਾ ਸੀ
ਚਮਚਾ ਪੂਰਾ ਟੇਢਾ ਤਾਂ ਨਹੀਂ ਹੋਇਆ ਪਰ
ਕਿਸੇ ਹੱਦ ਤੱਕ ਟੇਢਾ ਜਿਹਾ ਹੋ ਗਿਆ ਸੀ।
ਮੈਂ ਇਹ ਸਭ ਕੁਝ ਕਰਨ ਮਗਰੋਂ ਬਹੁਤ
ਹੈਰਾਨ ਹੋਈ ਤੇ ਸੋਚਿਆ ਬਾਕਿਆ ਹੀ ਜਦ
ਇਨਸਾਨ ਪੂਰੇ ਇਕਾਗਰ ਮਨ ਚਿੱਤ ਨਾਲ
ਕਿਸੇ ਬਾਰੇ ਸੋਚਣਾ ਸ਼ੁਰੂ ਕਰਦਾ ਹੈ ਤਾਂ
ਲਾਜ਼ਮ ਮੂਹਰੇ ਵਾਲੀ ਚੀਜ ਨੂੰ ਜਾਂ ਉਸ ਸ਼ੈ ਨੂੰ
ਜਬਰਨ ਉਸ ਸੋਚ ਵਰਗਾ ਰੂਪ ਧਾਰਣਾ ਹੀ
ਪੈਂਦਾ ਹੈ । ਜਿਸ ਸੋਚ ਨੂੰ ਸੋਚ ਕੇ ਉਹ
ਇਕਾਗਰ ਚਿੱਤ ਹੋ ਕੇ ਆਪਣੀ ਸੋਚ ਮੁਤਾਬਕ
ਢਾਲਣਾ ਚਾਹੁੰਦਾ ਹੁੰਦਾਂ ਹੈ। ਮਤਲਬ ਬੰਦੇ ਦੀ
ਸੋਚ ਦਾ ਅਸਰ ਅਤੇ ਬੋਲਣ ਦਾ ਢੰਗ ਕਿਵੇਂ
ਦੂਜੇ ਇਨਸਾਨ ਦੀ ਸੋਚ ਨੂੰ ਬਦਲ ਦਿੰਦੀ ਹੈ।

ਕਿਵੇਂ ਕਿਸੇ ਅਕਾਰ ਨੂੰ ਬਦਲ ਕੇ ਆਪਣੇ ਸੋਚੇ ਅਕਾਰ ਵਰਗਾ ਬਣਾ ਲੈਂਦੀ ਹੈ। ਮੈਂ ਇਸ ਗੱਲ ਨੂੰ ਉਹਨਾਂ ਲੋਕਾਂ ਨਾਲ ਜੋੜਨਾ ਚਾਹੁੰਦੀ ਹਾਂ ਜਿਹੜੇ ਆਪਣੇ ਸਰੀਰ ਉੱਤੇ ਬੰਬ ਬੰਨ ਕੇ ਮਰਨ ਨੂੰ ਤਿਆਰ ਹੋ ਜਾਂਦੇ ਹਨ। ਉਹਨਾਂ ਦੇ ਧਰਮ ਦੇ ਗੁਰੂ, ਦੇਸ਼ ਭਗਤੀ ਦੇ ਗੁਰੂ ਉਹਨਾ ਦੇ ਆਕਾ ਲੋਕ ਆਪਣੇ ਵਿਦਿਆਰਥੀਆਂ ਨੂੰ ਸਾਹਮਣੇ ਬਿਠਾ ਕੇ ਉਹਨਾ ਨੂੰ ਉੱਚੀ ਉੱਚੀ ਬੋਲ ਕੇ ਦੱਸਦੇ ਹਨ ਕਿ ਤੁਸੀਂ ਦੇਸ਼ ਦੀ ਖਾਤਰ ਮਰਨਾ ਹੈ ਧਰਮ ਦੀ ਖਾਤਰ ਮਰਨਾ ਹੈ। ਬਸ ਤੁਸੀਂ ਮਰਨਾ ਹੀ ਹੈ । ਐਸੇ ਸ਼ਬਦ ਰੋਜਾਨਾ ਸੁਣ ਸੁਣ ਕੇ ਉਹ ਮਸੂਮ ਜਿੰਨਾ ਨੂੰ ਜਿੰਦਗੀ ਬਾਰੇ ਵੀ ਨਹੀਂ ਪਤਾ ਹੁੰਦਾ। ਮੌਤ ਨੂੰ ਦਿਵਾਲੀ ਦੇ ਪਟਾਕੇ ਬਜਾ ਕੇ ਮਨਾਈ ਜਾਂਦੀ ਖੁਸ਼ੀ ਵਾਂਗ ਸਮਝਦੇ ਹਨ ।

***ਅਸੀਂ ਆਪਣਾ ਅਪਮਾਨ ਆਪਣੇ ਕੁਲ ਦਾ
ਅਪਮਾਨ ਆਪਣੇ ਪੁਰਖਿਆਂ ਦਾ ਅਪਮਾਨ
ਅਤੇ ਉਸ ਮਾਂ ਦੀ ਕੁੱਖ ਦਾ ਅਪਮਾਨ ਉਦੋਂ
ਕਰਦੇ ਹਾਂ ਜਦੋ ਅਸੀਂ ਆਪਣੇ ਨਾਂ ਪਿੱਛੇ
ਅਜੀਬੋ ਗਰੀਬ ਜਿਹੇ ਨਾਂ ਰੱਖ ਕੇ ਆਪਣੀ
ਪਹਿਚਾਣ ਬਣਾਉਣ ਦੀ ਕੋਸ਼ਿਸ ਕਰਦੇ ਹਾਂ।

***ਹਿੰਦੋਸਤਾਨ ਇੱਕ ਐਸਾ ਢੋਂਗੀ ਮੁਲਕ ਹੈ ਜਿੱਥੇ
ਕਾਮਸੂਤਰਾ ਨੂੰ ਲੁਕ ਕੇ ਪੜਿਆ ਅਤੇ
ਦੇਖਿਆ ਤਾਂ ਜਾ ਸਕਦਾ ਹੈ। ਖਜਰਾਉ ਦੇ
ਮੰਦਰ ਦੀਆਂ ਕਾਮ ਭਰੀਆਂ ਮੂਰਤੀਆਂ ਨੂੰ
ਲਾਲਚੀ ਨਜਰਾਂ ਨਾਲ ਲੁਕ ਲੁਕ ਕੇ ਦੇਖਿਆ
ਤਾਂ ਜਾ ਸਕਦਾ ਹੈ। ਕ੍ਰਿਸ਼ਨ ਲੀਲਾ ਦੇ
ਗੋਪੀਆਂ ਨਾਲ ਪ੍ਰੇਮ ਰਾਸ ਦੇ ਕਹਾਣੀਆਂ ਕਿਸੇ
ਤਾਂ ਸੁਣੇ ਪੜੇ ਤਾਂ ਜਾ ਸਕਦੇ ਹਨ ਪਰ ਸੈਕਸ
ਬਾਰੇ ਗੱਲ ਕਰਨ ਦੀ ਸਖਤ ਮਨਾਹੀ ਹੈ।

***ਪ੍ਰੇਮੀਕਾ ਆਪਣੇ ਪ੍ਰੇਮੀ ਨੂੰ ਇੰਝ ਪਿਆਰ ਕਰਦੀ ਹੈ ਜਿਵੇਂ ਮਾਂ ਆਪਣੀ ਇੱਕਲੋਤੀ ਔਲਾਦ ਨੂੰ ਪਿਆਰ ਕਰਦੀ ਹੈ ਅਤੇ ਪ੍ਰੇਮੀ ਆਪਣੀ ਪ੍ਰੇਮੀਕਾ ਨੂੰ ਇੰਝ ਪਿਆਰ ਕਰਦਾ ਹੈ ਜਿਵੇਂ ਬਾਪ ਆਪਣੀ ਧੀ ਨੂੰ।

***ਪੁਰਾਣੀ ਗੱਲ ਹੈ ਮੈਂ ਜਰਮਨੀ ਤੋਂ ਪੰਜਾਬ ਘੁੰਮਣ
ਗਈ ਹੋਈ ਸੀ ਮੇਰੇ ਨਾਲ ਇੱਕ ਹੋਰ
ਪਰਿਵਾਰ ਵੀ ਸੀ ਅਸੀਂ ਛੁੱਟੀਆਂ ਵਿੱਚ
ਇੱਧਰ ਉਧਰ ਘੁੰਮ ਘੁੰਮ ਰਹੇ ਸੀ ਤਾਂ ਇੱਕ
ਦਿਨ ਮੰਦਰ ਜਾਣ ਦਾ ਸਬੱਬ ਬਣਿਆ। ਮੰਦਰ
ਦਾ ਨਾਂ ਸੁਣ ਕੇ ਮੇਰੇ ਨਾਲ ਵਾਲੇ ਪੰਜਾਬੀ
ਪਰਿਵਾਰ ਨੇ ਮੰਦਰ ਜਾਣ ਤੋਂ ਮਨ੍ਹਾ ਕਰ
ਦਿੱਤਾ । ਆਖਿਰ ਪਤਾ ਲੱਗਾ ਕਿ ਉਹ
ਪਰਿਵਾਰ ਇਸ ਕਰਕੇ ਮੰਦਰ ਨਹੀਂ ਜਾਣ ਨੂੰ
ਤਿਆਰ ਸੀ ਕਿਉਂਕਿ ਉਹ ਜਾਤ ਦੇ ਚਮਾਰ
ਸਨ ਜਦ ਕਿ ਮੈਨੂੰ ਇਸ ਗੱਲ ਦਾ ਇਲਮ
ਤੱਕ ਨਹੀਂ ਸੀ। ਖੈਰ ਮੈਂ ਬਾਅਦ ਵਿੱਚ ਇਹ
ਸੋਚਦੀ ਰਹੀ ਅਸੀਂ ਆਪਣੇ ਮਨ ਦੇ ਵਹਿਮ
ਨੂੰ ਕਿੰਨੀ ਜਲਦੀ ਦੂਜਿਆਂ ਉਪਰ ਥੋਪ ਦਿੰਦੇ
ਹਾਂ। ਕਿ ਫਲਾਣਾ ਸਾਨੂੰ ਟੇਢੀ ਨਜਰ ਨਾਲ
ਦੇਖਦਾ ਹੈ ਜਾਂ ਸਾਨੂੰ ਸਾਡੇ ਕਬੀਲੇ ਨੂੰ ਸਾਡੀ
ਜਾਤ ਨੂੰ ਸਮਾਜ ਵਿੱਚ ਮਾਣ ਸਨਮਾਨ ਦਿੱਤਾ

ਨਹੀਂ ਜਾਂਦਾ। ਜਦ ਕਿ ਅਸੀਂ ਮਾਣ ਸਨਮਾਨ ਜਾਂ ਬਰਾਬਰਤਾ ਦੀ ਕਤਾਰ ਵਿੱਚੋਂ ਪਹਿਲਾਂ ਹੀ ਆਪਣੇ ਆਪ ਨੂੰ ਬਾਹਰ ਕੱਢ ਕੇ ਖੜ ਜਾਂਦੇ ਹਾਂ। ਆਪਣੇ ਉੱਤੇ ਹੀਣਭਾਵਨਾ ਦੀ ਠੱਪਾ ਲਾ ਕੇ ਆਪਣੇ ਆਪ ਨੂੰ ਖਾਨਿਆ ਵਿੱਚ ਕੈਦ ਕਰ ਲੈਂਦੇ ਹਾਂ ਕਿ ਸਾਡੇ ਨਾਲ ਵਿਤਕਰਾ ਕੀਤਾ ਜਾਂਦਾ ਹੈ। ਸਾਨੂੰ ਬਰਾਬਰ ਦੇ ਹੱਕ ਨਹੀਂ ਦਿੱਤੇ ਜਾਂਦੇ। ਮੇਰੀ ਸੋਚ ਅਨੁਸਾਰ ਜੇਕਰ ਚੂੜੇ ਚਮਾਰ ਬਿੰਨਾ ਕਿਸੇ ਹੀਣ ਭਾਵਨਾ ਤੋਂ ਹਰ ਵਰਗ ਵਿੱਚ ਆਪਣੇ ਆਪ ਨੂੰ ਸ਼ਾਮਿਲ ਕਰਨ ਦੀ ਜੁਰਤ ਰੱਖਣਗੇ ਤਾਂ ਕੋਈ ਵੀ ਉਨਾਂ ਦਾ ਅਪਮਾਨ ਨਹੀਂ ਕਰ ਸਕਦਾ ਹੈ ਜਦ ਅਸੀਂ ਆਪਣੇ ਆਪ ਨੂੰ ਆਪਣੇ ਕੁੱਲ ਨੂੰ ਆਪਣੀ ਜਾਤ ਬਰਾਦਰੀ ਨੂੰ ਲਕੋ ਲੈਂਦੇ ਹਾਂ ਫਿਰ ਸਾਨੂੰ ਸਾਡੇ ਅੰਦਰਲਾ ਡਰ ਹੀ ਪੱਖਪਾਤ ਵੱਲ ਲੇ ਜਾਂਦਾ ਹੈ।

***ਸਾਡੇ ਸਮਾਜ ਦੇ ਕੁਝ ਕੁ ਅਦਾਰੇ ਅੱਜ ਵੀ
ਪੁਰਾਣੀ ਘਸੀ ਫੱਟੀ ਅਤੇ ਬੁਦੀ ਹੋਈ ਪੁਰਾਤਨ
ਸੋਚ ਦੇ ਪੱਥਰ ਜਿਹੇ ਭਾਰ ਚੁੱਕੂ ਜਾਨਵਰ
ਵਾਂਗ ਚੁੱਕੀ ਇਧਰ ਉਧਰ ਫਿਰ ਰਹੇ ਹਾਂ

***ਕਦੇ ਕਦੇ ਦਿਲ ਦੇ ਬਜਾਰ ਵਿੱਚ ਇੰਝ ਕਰਫਿਊ
ਲੱਗ ਜਾਂਦਾ ਹੈ ਕਿ ਨਾ ਕੋਈ ਸੋਚ ਦਰ
ਖੜਖੜਾਉਂਦੀ ਹੈ ਨਾ ਬਾਲੜੀ ਵਰਗੀ ਕਵਿਤਾ
ਦਿਲ ਦੇ ਵਿਹੜੇ ਉਤਰ ਕੇ ਖੋਰੂ ਪਾਉਂਦੀ ਹੈ।

***ਉਹ ਇਨਸਾਨ ਦੇਸ਼ ਭਗਤ ਜਾਂ ਕੌਮ ਦਾ
ਰੱਖਿਆਕ ਕਿਵੇਂ ਹੋ ਸਕਦਾ ਹੈ ਜਿਹੜਾ
ਧਾਰਮਿਕ ਸਥਾਨਾਂ ਵਿੱਚ ਲੁਕ ਕੇ ਆਪਣੇ ਹੀ
ਦੇਸ਼ ਦੇ ਖਿਲਾਫ ਨੌਜਵਾਨ ਬੱਚਿਆਂ ਨੂੰ
ਨਫਰਤ ਦੇ ਮੰਤਰ ਪੜਾਉਂਦਾ ਹੈ –ਧਾਰਮਿਕ
ਸਥਾਨ ਵਿੱਚ ਹੀ ਦੇਸ਼ ਦੇ ਖਿਲਾਫ ਮੋਰਚੇ
ਕਾਇਮ ਕਰਦਾ ਹੈ ਅਤੇ ਉਸੇ ਧਾਰਮਿਕ
ਸਥਾਨ ਨੂੰ ਜਿਸ ਨਾਲ ਦੇਸ਼ ਦੀ ਜੰਤਾਂ ਦੀ
ਭਾਵਨਾ ਜੁੜੀ ਹੁੰਦੀ ਹੈ । ਆਪਣੀ ਹਿਫਾਜਤ
ਵਾਸਤੇ ਦਾਅ ਉੱਤੇ ਲਾ ਦਿੰਦਾਂ ਹੈ।

***ਸਮਾਜ ਵਿੱਚ ਪਰਿਵਤਰਨ ਹੋਣਾ ਜਰੂਰੀ ਹੈ ਅਤੇ ਹੋਣਾ ਵੀ ਚਾਹੀਦਾ ਹੈ। ਜਦੋਂ ਸਾਥੋਂ ਜਦ ਕੋਈ ਪੰਜਾਬ ਬਾਰੇ ਪੁੱਛਦਾ ਹੈ ਕਿ ਪੰਜਾਬ ਦੀ ਕੋਈ ਗੱਲ ਸੁਣਾਓ ਤਾਂ ਅਸੀਂ ਬੜੇ ਦੁੱਖੀ ਜਿਹੇ ਦਿਲ ਨਾਲ ਆਖਦੇ ਹਾਂ। ਹੁਣ ਤਾਂ ਪੰਜਾਬ ਉਹ ਵਾਲਾ ਪੰਜਾਬ ਹੀ ਨਹੀਂ ਰਿਹਾ ਪਹਿਲਾਂ ਲੋਕ ਇੱਕਠੇ ਰਹਿੰਦੇ ਸਨ। ਉੱਠ ਘੋੜਿਆਂ ਉੱਤੇ ਆਉਂਦੇ ਜਾਂਦੇ ਸਨ। ਘਰਾਂ ਨੂੰ ਮਿੱਟੀ ਗੋਹੇ ਨਾਲ ਪਿਲਦੇ ਸਨ। ਪਾਥੀਆਂ ਪੱਥ ਕੇ ਬਾਲਣ ਤਿਆਰ ਕਰਦੇ ਸਨ। ਕਪਾਹ ਚੁਗਦੇ ਸਨ। ਚਰਖਾ ਕੱਤਦੇ ਕਸੀਦਾ ਕੱਢਦੇ ਸਨ। ਬਗੈਰਾ ਬਗੈਰਾ ਮੰਨਿਆ ਕਿ ਸਾਡਾ ਅਮੀਰ ਵਿਰਸਾ ਸੀ ਅਤੇ ਅੱਜ ਵੀ ਹੈ ਪਰ ਕਿੰਨੀ ਕੁ ਦੇਰ ਲੋਕ ਟਾਂਗੇ ਬੈਲ ਗੱਡੀਆਂ ਨੂੰ ਚਲਾਈ ਜਾਂਦੇ ਕਦ ਤੱਕ ਲੋਕ ਪਾਥੀਆਂ ਦੀਆਂ ਧੂਣੀਆਂ ਬਾਲੀ ਜਾਂਦੇ ਕਿੰਨੀ ਦੇਰ ਲੋਕ ਕਪਾਹ ਨਰਮਾ ਚੁਗਦੇ ਰਹਿੰਦੇ। ਜੇਕਰ ਅੱਜ ਅਸੀਂ ਵਿੱਦਿਆ

ਹਾਸਲ ਨਾ ਕੀਤੀ ਹੁੰਦੀ, ਤਰੱਕੀ ਨਾ ਕੀਤੀ ਹੁੰਦੀ ਫਿਰ ਅਸੀਂ ਵੀ ਕਿਸੇ ਆਦਿਵਾਸੀ ਵਰਗ ਵਾਂਗ ਹੋਣਾ ਸੀ। ਜਿਹੜੇ ਸੌ ਸਾਲ ਤੱਕ ਵੀ ਉਸੇ ਵਾਤਾਵਰਨ ਮਹੌਲ ਵਿੱਚ ਰਹਿੰਦੇ ਹਨ ਜਿਸ ਵਿੱਚ ਉਹਨਾਂ ਦੇ ਪੁਰਖਿਆਂ ਦੇ ਪੁਰਖੇ ਅੱਗੋਂ ਉਹਨਾਂ ਦੇ ਪੁਰਖਿਆਂ ਦੇ ਪੁਰਖੇ ਰਹਿ ਕੇ ਜਾਂਦੇ ਹਨ। ਕਿਉਂਕਿ ਉਹਨਾਂ ਦੀ ਨਸਲ ਪੈਦਾ ਹੋਣ ਅਤੇ ਫਿਰ ਮਰਨ ਵਾਸਤੇ ਹੀ ਧਰਤੀ ਉੱਤੇ ਆਉਂਦੇ ਹਨ। ਪਰਿਵਤਰਨ ਸਮਾਜ ਦਾ ਅੰਗ ਹੈ ਸਮੇਂ ਨਾਲ ਬਦਲਣਾ ਜਰੂਰੀ ਹੈ ਨਹੀਂ ਤਾਂ ਤੁਸੀਂ ਆਪਣੀ ਪਹਿਚਾਣ ਗੁਆ ਬੈਠੋਂਗੇ।

***ਮੈਨੂੰ ਜਰਮਨੀ ਦਾ ਮਹੌਲ ਇਸ ਕਰਕੇ ਸੋਹਣਾ ਲੱਗਦਾ ਹੈ ਕਿ ਤੁਸੀਂ ਜਿਸ ਵੀ ਵਰਗ ਵਿੱਚ ਰਹਿੰਦੇ ਹੋ ਵਿਚਰਦੇ ਹੋ ਨੌਕਰੀ ਪੇਸ਼ਾ ਕਰਦੇ ਹੋ। ਤੁਹਾਡਾ ਆਲ ਦੁਆਲ ਤੁਹਾਨੂੰ ਗਲਤ ਨਜਰਾਂ ਨਾਲ ਨਹੀਂ ਦੇਖਦਾ ਗਲਤ ਸੋਚ ਨਾਲ ਨਹੀਂ ਸੋਚਦਾ। ਤੁਸੀਂ ਕਿਸੇ ਲਾਗੇ ਬੈਠੇ ਹੋ ਅਤੇ ਕਿਉਂ ਬੈਠੇ ਹੋ ਇਸ ਬਾਰੇ ਕੋਈ ਨਹੀਂ ਸੋਚਦਾ। ਮੈਂ ਪਿਛਲੇ ਕਈ ਸਾਲਾਂ ਤੋਂ ਬਜੁਰਗ ਆਸ਼ਰਮ ਵਿੱਚ ਸਰਵਿਸ ਕਰਦੀ ਹਾਂ ਸਾਡੀ ਟੀਮ ਦੇ **15** ਕੁ ਮੈਂਬਰ ਹਨ। ਜਿਹੜੇ ਅਸੀਂ ਸ਼ਿਪਟਾ ਮੁਤਾਬਕ ਆਪਣੀ ਆਪਣੀ ਡਿਊਟੀ ਦਿੰਦੇ ਹਾਂ। ਰਾਤ ਦੀ ਡਿਊਟੀ ਜਿਹੜੀ ਰਾਤ ਦੇ ਅੱਠ ਵਜੇ ਤੋਂ ਲੈ ਕੇ ਤੜਕੇ ਦੇ ਪੰਜ ਵਜੇ ਤੱਕ ਚਲਦੀ ਹੈ। ਵਿੱਚ ਅੱਧੇ ਘੰਟੇ ਦੀ ਬਰੈਕ ਹੁੰਦੀ ਹੈ ਚਾਹ ਕੌਫੀ ਅਤੇ ਕੁਝ ਖਾਣ ਪੀਣ ਦੇ ਵਾਸਤੇ। ਇਸ ਵਿੱਚ ਸਿਰਫ ਦੋ ਹੀ ਸਟਾਫ ਮੈਂਬਰ ਡਿਊਟੀ ਦਿੰਦੇ ਹਨ। ਕਦੇ ਕਦੇ ਦੋ

ਔਰਤਾਂ ਦੀ ਡਿਊਟੀ ਲੱਗੀ ਹੁੰਦੀ ਹੈ ਕਦੇ
ਇੱਕ ਔਰਤ ਅਤੇ ਇੱਕ ਮਰਦ ਦੀ ਡਿਊਟੀ
ਹੁੰਦੀ ਹੈ। ਇਸੇ ਤਰਾਂ ਮੇਰੀ ਇੱਕ ਬਾਰੀ ਰਾਤ
ਦੀ ਸ਼ਿਪਟ ਮੇਰੇ ਸਟਾਫ ਮੈਂਬਰ ਨਾਲ ਲੱਗੀ
ਜਿਹੜਾ ਮਰਦ ਹੈ। ਸਾਡੀ ਡਿਊਟੀ ਅੱਠ ਵਜੇ
ਸ਼ੁਰੂ ਹੋਈ ਰਾਤ ਦੇ ਦੋ ਵਜੇ ਤੱਕ ਅਸੀਂ ਦੋਨੋਂ
ਆਪਣੇ ਆਪਣੇ ਕੰਮ ਵਿੱਚ ਮਸਰੂਫ ਰਹੇ।
ਜਦ ਕੇ ਆਸ਼ਰਮ ਦੇ ਸਾਰੇ ਬਜੁਰਗ ਸੌਂ ਜਾਂਦੇ
ਹਨ ਅਤੇ ਦਫਤਰ ਦਾ ਬੌਸ ਆਪਣੇ ਘਰ ਅਤੇ
ਰਸੋਈ ਘਰ ਦਾ ਸਟਾਫ ਵੀ ਛੇ ਵਜੇ ਤੋਂ
ਬਾਅਦ ਛੁੱਟੀ ਤੇ ਹੁੰਦੀ ਹੈ। ਅੱਧੀ ਰਾਤ ਦੇ ਦੋ
ਵੱਜ ਚੁੱਕੇ ਸਨ ਅਤੇ ਮੇਰਾ ਕੁਲੀਗ ਮੇਰੇ ਕੋਲ
ਦੂਜੀ ਮੰਜਲ ਤੇ ਆਇਆ ਆ ਕੇ ਕਹਿੰਦਾ, ‘‘
ਅੰਜੂ ਚੱਲ ਬਾਹਰ ਗਾਰਡਨ ਵਿੱਚ ਬੈਠ ਕੇ
ਕੌਫੀ ਪੀਂਦੇ ਹਾਂ ਥੋੜੀ ਦੇਰ ਗੱਲਾਂ ਬਾਤਾਂ ਕਰਦੇ
ਹਾਂ। ’’ ਅਸੀਂ ਆਪਣਾ ਆਪਣਾ ਚਾਹ ਦਾ
ਕੱਪ ਲਿਆ ਗਾਰਡਨ ਵਿੱਚ ਅੱਧਾ ਕੁ ਘੰਟਾਂ

ਬੈਠੇ ਰਹੇ। ਕੁਝ ਹਾਸੇ ਸ਼ੁਗਲ ਦੀਆਂ ਗ਼ੱਲਾਂ
ਕੀਤੀਆਂ ਕੁਝ ਜਿੰਦਗੀ ਦੀ ਸਚਾਈ ਦੀਆਂ
ਗੱਲਾਂ ਕੀਤੀਆਂ । ਉਸ ਮਗਰੋਂ ਅਸੀਂ ਫਿਰ
ਆਪਣੀ ਆਪਣੀ ਜਿੰਮੇਵਾਰੀ ਉੱਤੇ ਡੱਟ ਗਏ
ਸਵੇਰ ਹੋਣ ਤੱਕ। ਮੈਂ ਸੋਚਦੀ ਹਾਂ ਸ਼ਾਇਦ
ਸਾਡੇ ਦੇਸ਼ ਹਿੰਦੋਸਤਾਨ ਵਿੱਚ ਇੱਕ ਔਰਤ ਦਾ
ਮਰਦ ਨਾਲ ਰਾਤ ਦੀਆਂ ਡਿਊਟੀਆਂ ਲਗਾਉਣ
ਨੂੰ ਸਮਾਜ ਬਹੁਤੇ ਵਧੀਆਂ ਤਰੀਕੇ ਨਾਲ ਅੱਜ
ਵੀ ਨਹੀਂ ਸੋਚਦਾ ਹੋਵੇਗਾ। ਇਸੇ ਕਰਕੇ ਅਸੀਂ
ਜ਼ਿਆਦਾਤਰ ਆਪਣੇ ਮਨ ਦੀ ਘੁਟਣ ਭਰੀ
ਸੋਚ ਨੂੰ ਤੀਰ ਤੁੱਕੇ ਅਤੇ ਗਲਤ ਬਿਆਨਬਾਜੀ
ਵਿਚ ਬਦਲ ਕੇ ਆਪਣੀ ਛੋਟੀ ਸੋਚ ਦਾ
ਸਬੂਤ ਦਿੰਦੇ ਹਾਂ।

***ਤੁਸੀਂ ਔਰਤ ਹੋ ਅਤੇ ਦੋ ਚਾਰ ਮਰਦ ਲੋਕਾਂ ਵਿੱਚ
ਬੈਠੇ ਹੋ ਅਤੇ ਨਾਲ ਨਾਲ ਇਹ ਸੋਚ ਕੇ
ਘਬਰਾ ਰਹੇ ਹੋ ਕਿ ਲੋਕ ਤੁਹਾਡੇ ਬਾਰੇ
ਦੇਖਣਗੇ ਕੀ ਸੋਚਣਗੇ? ਲੋਕ ਤੁਹਾਡੇ ਬਾਰੇ ਕੀ
ਸੋਚਣਗੇ ਇਹ ਉਹਨਾਂ ਉੱਤੇ ਛੱਡ ਦਿਉ।
ਇਹ ਲੋਕ ਤਦ ਵੀ ਤੁਹਾਡੇ ਬਾਰੇ ਸੋਚਣਗੇ
ਜਦ ਤੁਸੀਂ ਇੱਕਲੇ ਆਪਣੇ ਘਰ ਵਿੱਚ ਬੈਠੇ
ਰਹੋਂਗੇ। ਤੁਸੀਂ ਕਿਸੇ ਇੱਕ ਜਾਂ ਦੋ ਜਾਂ ਚਾਰ
ਮਰਦਾਂ ਵਿੱਚ ਬੈਠ ਕੇ ਸੁਖਾਲੇ ਅਤੇ ਸਾਊ
ਤਰੀਕੇ ਨਾਲ ਗੱਲਬਾਤ ਕਰ ਸਕਦੇ ਹੋ ।
ਫਿਰ ਝਿਜਕ ਅਤੇ ਡਰ ਕਿਸ ਗੱਲ ਦਾ ਮਰਦ
ਇੰਨੇ ਵੀ ਬੁਰੇ ਨਹੀਂ ਹਨ ਕਿ ਤੁਸੀਂ ਉਹਨਾਂ
ਲਾਗੇ ਇੱਕਲੇ ਬੈਠਣ ਲੱਗਿਆਂ ਡਰ ਜਾਵੋਂ ਅਤੇ
ਮਰਦ ਇੰਨੇ ਕਾਮ ਦੇ ਭਰੇ ਵੀ ਨਹੀਂ ਹਨ ਕਿ
ਉਹ ਤੁਹਾਨੂੰ ਇੱਕਲੀ ਦੇਖ ਕੇ ਤੁਹਾਡੇ ਜਿਸਮ
ਨੂੰ ਆਪਣਾ ਭੋਜਨ ਸਮਝ ਲਵੇ। ਆਪਣੇ
ਅੰਦਰ ਆਤਮਵਿਸ਼ਵਾਸ ਪੈਦਾ ਕਰੋ ਫਿਰ

ਮਰਦ ਜਾਤ ਤੋਂ ਡਰ ਨਹੀਂ ਲੱਗੇਗਾ ਅਤੇ ਨਾ ਹੀ ਦੁਨੀਆਂ ਨੂੰ ਆਪਣੇ ਕਿਰਦਾਰ ਬਾਰੇ ਸਫਾਈ ਪੇਸ਼ ਕਰਨ ਦੀ ਜਰੂਰਤ ਹੈ। ਜੋ ਤੁਸੀਂ ਹੋ ਉਹ ਤੁਸੀਂ ਬਿਹਤਰ ਜਾਣਦੇ ਹੋ।

***ਤੁਸੀਂ ਔਰਤ ਹੋ ਅਤੇ ਤੁਹਾਨੂੰ ਫਿਲਮੀ ਐਕਟਰ ਧਰਮਿੰਦਰ, ਅਮਿਤਾਭ ਜਾਂ ਸ਼ਾਹਰੁਖ ਜੀ ਬਹੁਤ ਪਸੰਦ ਹੈ । ਤੁਹਾਡਾ ਜਿੰਦਗੀ ਦਾ ਇੱਕ ਸਪਨਾ ਹੈ ਉਸ ਨੂੰ ਮਿਲਣ ਦਾ ਉਸ ਨੂੰ ਜੱਫੀ ਵਿੱਚ ਘੁੱਟਣ ਦਾ ਉਸ ਨਾਲ ਚਾਹ ਕੌਫੀ ਪੀਣ ਦਾ ਉਸ ਦੀ ਸਪਰਸ਼ ਲੈਣ ਦਾ ਇੱਕ ਸਪਨਾ ਹੈ। ਇਸ ਸੁਪਨੇ ਬਾਰੇ ਤੁਹਾਡੇ ਪਤੀ ਨੂੰ ਬੱਚਿਆਂ ਨੂੰ ਘਰਦਿਆਂ ਨੂੰ ਵੀ ਪਤਾ ਹੈ। ਟੀ ਵੀ ਰੇਡਿਉ ਉੱਤੇ ਜਦ ਤੁਹਾਡੇ ਪਸੰਦ ਦਾ ਐਕਟਰ ਆਉਂਦਾ ਹੈ ਘਰ ਵਿੱਚ ਤੁਹਾਨੂੰ ਸਪੈਸ਼ਲ ਅਵਾਜ ਦੇ ਕੇ ਸੱਦਿਆ ਜਾਂਦਾ ਹੈ ਕਿ ਭੱਜ ਕੇ ਆ ਤੇਰਾ ਸ਼ਾਹਰੁਖ ਆ ਗਿਆ, , , , ਤੇਰਾ ਅਮਿਤਾਭ ਜਾਂ ਧਰਮਿੰਦਰ ਆ ਗਿਆ। ਕਿੰਨਾ ਸੋਹਣਾ ਲੱਗਦਾ ਹੈ ਤੁਹਾਨੂੰ ਹਰ ਕੋਈ ਅਵਾਜਾਂ ਮਾਰ ਮਾਰ ਕੇ ਤੁਹਾਡੇ ਚਹੇਤੇ ਦੇ ਦੀਦਾਰ ਕਰਵਾ ਰਹੇ ਹਨ। ਉਹ ਵਿਚਾਰੇ ਇਸ ਤੋਂ ਇਲਾਵਾ ਕਰ ਵੀ ਕੀ

ਸਕਦੇ ਹਨ ਤੁਹਾਨੂੰ ਰੇਡਿਉ ਟੀ ਵੀ ਰਾਹੀਂ ਹੀ
ਮਿਲਵਾ ਸਕਦੇ ਹਨ ਜਾਂ ਫਿਰ ਐਸੇ ਮਸ਼ਹੂਰ
ਲੋਕਾਂ ਨੂੰ ਮਿਲਣ ਵਾਸਤੇ ਵੀ ਕੋਈ ਜੁਗਾੜ
ਚਾਹੀਦਾ ਹੁੰਦਾ ਹੈ । ਕਿਸੇ ਦੀ ਸਿਫਾਰਸ਼
ਚਾਹੀਦੀ ਹੁੰਦੀ ਹੈ, ਹੁਣ ਜਰਾਂ ਇਸੇ ਸੁਪਨੇ
ਦੀ ਦੂਜੀ ਸ਼ਕਲ ਦੇਖੋ, ਤੁਹਾਨੂੰ ਰੋਜ ਮਰਾ ਦੀ
ਜਿੰਦਗੀ ਵਿੱਚ ਦੇਖਣ ਮਿਲਣ ਵਾਲਾ ਕੋਈ
ਦੂਸਰਾ ਮਰਦ ਪਸੰਦ ਆ ਜਾਂਦਾ ਹੈ। ਜਿਸ ਦੀ
ਗੱਲਬਾਤ ਵਿੱਚ ਕੋਈ ਦਮ ਹੈ। ਜਾਂ ਕੋਈ
ਵਧੀਆ ਤਰੀਕੇ ਨਾਲ ਬੋਲਦਾ ਹੱਸਦਾ ਹੈ।
ਵਧੀਆ ਤਰੀਕੇ ਨਾਲ ਗੱਲ ਕਰ ਸਕਦਾ ਹੈ।
ਕੋਈ ਵਧੀਆ ਲਿਖਦਾ ਹੈ। ਗਾਉਂਦਾ ਵਧੀਆ
ਹੈ ਪਰ ਤੁਸੀਂ ਉਸ ਬਾਰੇ ਆਪਣੀ ਪਸੰਦ ਭਰੀ
ਸੋਚ ਨੂੰ ਕਿਸੇ ਨੂੰ ਦੱਸਣ ਤੋਂ ਕਤਰਾਉਦੇ ਹੋ
ਕਿ ਮੇਰੇ ਬਾਰੇ ਮੇਰਾ ਪਤੀ ਸਮਾਜ ਘਰਦੇ ਕੀ
ਸੋਚਣਗੇ ? ਤੁਸੀਂ ਕਿਸੇ ਮਸ਼ਹੂਰ ਐਕਟਰ ਜਾਂ
ਮਸ਼ਹੂਰ ਖਿਡਾਰੀ ਜਾਂ ਕਿਸੇ ਦੇਸ਼ ਦੇ

ਪ੍ਰਧਾਨਮੰਤਰੀ ਜਾਂ ਕਿਸੇ ਦੇਸ਼ ਦੇ ਕਿੰਗ ਨੂੰ
ਇਸ ਕਰਕੇ ਮਾਣ ਨਾਲ ਪਸੰਦ ਕਰਦੇ ਹੋ
ਅਤੇ ਤੁਹਾਡੇ ਪਸੰਦ ਕਰਨ ਵਿੱਚ ਤੁਹਾਡਾ
ਪਤੀ ਤੁਹਾਡੇ ਘਰਦੇ ਤੁਹਾਡਾ ਸਮਾਜ ਇਸ
ਕਰਕੇ ਸਹਿਮਤ ਹੈ ਕਿਉਂਕਿ ਇਹ ਲੋਕ
ਦੁਨੀਆਂ ਦੇ ਨਾਮਵਰ ਮਸ਼ਹੂਰ ਲੋਕ ਹਨ।
ਇਹਨਾਂ ਬਾਰੇ ਆਪਣੀ ਪਸੰਦ ਜ਼ਾਹਰ ਕਰਨਾ
ਇੱਕ ਮਾਣ ਦੀ ਗੱਲ ਹੈ। ਇਸ ਕਰਕੇ ਤੁਹਾਨੂੰ
ਸਭ ਗੁਨਾਹ ਮੁਆਫ ਹਨ। ਫਿਰ ਔਰਤ ਉਸ
ਆਮ ਇਨਸਾਨ ਬਾਰੇ ਆਪਣੀ ਪਸੰਦ
ਦੱਸਦਿਆਂ ਕਿਉਂ ਗਲਤ ਸੋਚ ਲੈਂਦੀ ਹੈ ।
ਫਿਰ ਕਿਉਂ ਪਤੀ ਆਪਣੀ ਪਤਨੀ ਨੂੰ ਗਲਤ
ਨਜਰਾਂ ਨਾਲ ਗਲਤ ਸੋਚ ਨਾਲ ਸੋਚਦਾ ਹੈ।
ਫਿਰ ਕਿਉਂ ਪਰਿਵਾਰ ਸਮਾਜ ਕਿਉਂ ਉਸੇ
ਔਰਤ ਨੂੰ ਗਲਤ ਅਤੇ ਬਦਚਲਨ ਆਖਣਾ
ਸ਼ੁਰੂ ਕਰ ਦਿੰਦਾ ਹੈ। ਜਦ ਕਿ ਉਹ ਹੀ
ਔਰਤ ਕਿਸੇ ਮਸ਼ਹੂਰ ਸੱਖਸ਼ ਦੀ ਬਜਾਏ

ਜਿੰਦਗੀ ਦੀ ਰਾਹ ਉੱਤੇ ਵਿਚਰਦੇ ਆਮ
ਇਨਸਾਨ ਦੀ ਤਰੀਫ ਕਰ ਰਹੀ ਹੈ।

***ਜਮਾਨੇ ਨਾਲੋ ਆਪਣੀ ਸੋਚ ਵੱਖਰੀ ਰੱਖੋ ਕਿਉਂਕਿ
ਜਮਾਨਾ ਸਦੀਆਂ ਤੋਂ ਇੱਕ ਹੀ ਸੋਚ ਨੂੰ ਢੋਅ
ਰਿਹਾ ਹੈ ਲਕੀਰ ਦਾ ਫਕੀਰ ਹੈ ਫਿਰ ਤੁਹਾਡੇ
ਅਤੇ ਜਮਾਨੇ ਦੀ ਸੋਚ ਵਿੱਚ ਕੀ ਫਰਕ ਹੈ
?ਜਿਹੜਾ ਸਦੀਆਂ ਤੋਂ ਇੱਕ ਸਾਉ ਗਾਂ ਦੀ
ਤਰਾਂ ਸਿਰ ਹਿਲਾ ਹਿਲਾ ਕੇ ਸਭ ਅਸੂਲਾਂ ਨੂੰ
ਸੋਚਾਂ ਨੂੰ ਮਸਲਿਆਂ ਨੂੰ ਕਬੂਲ ਕਰ ਰਿਹਾ ਹੈ
ਦੁਨੀਆ ਦੀਆਂ ਸੋਚਾਂ ਨਾਲ ਖਹਿ ਜਾਣ ਵਾਲੀ
ਸੋਚ ਸੋਚੋ ਕੁਝ ਵੱਖਰਾ ਅਤੇ ਸੋਹਣਾ ਕਰਨ
ਦੀ ਸੋਚੋ।

***ਤੂੰ ਤੇ ਮੈਂ ਇੱਕ ਐਸੀ ਅਦਭੁਤ ਗੁਫਾ ਰੂਪੀ ਰੂਹ ਦੇ ਮਾਲਕ ਹਾਂ।ਜਿਸ ਦੀਆਂ ਦੀਵਾਰਾਂ ਵਿੱਚ ਵੀ ਸੁਖਨ ਸੰਗੀਤ ਗੂੰਜਦਾ ਹੈ ਜਿਸਦੇ ਚਾਰੋ ਪਾਸੇ ਸੁਖਨ ਮੰਤਰਾਂ ਦੀ ਅਵਾਜ ਗੂੰਜਦੀ ਹੈ।ਸਿਰਫ ਜਰੂਰਤ ਹੈ ਕੰਨ ਲਾ ਕੇ ਇਸ ਸੰਗੀਤ ਨੂੰ ਸੁਣਨ ਦੀ।

***ਜਦੋਂ ਅਸੀਂ ਆਪਣੇ ਰੂਹਾਨੀ ਬਾਗ ਦੀ ਸੈਰ ਕਰਦੇ ਹਾਂ ਤਾਂ ਸਾਨੂੰ ਆਪਣਾ ਆਪ ਤਾਜਾ ਅਤੇ ਮਹਿਕ ਭਰਿਆ ਜਾਪਦਾ ਹੈ।ਜਰੂਰਤ ਹੈ ਉਸ ਬਾਗ ਵੱਲ ਜਾਂਦੇ ਰਸਤੇ ਨੂੰ ਤਲਾਸ਼ਣ ਦੀ।

***ਦਿਲ ਇੱਕ ਐਸਾ ਵਣਜਾਰਾ ਹੈ।ਜਿਹੜਾ ਉਦਾਸੀ
ਦੇ ਨਗ਼ਮੇ ਜਿਆਦਾ ਗੁਣਗੁਣਾਉਂਦਾ ਹੈ।

***ਜਿਸ ਤਰਾਂ ਧਰਤੀ ਦੇ ਗਰਭ ਵਿੱਚੋਂ ਟਾਹਣੀਆਂ
ਫੁੱਲ ਪੱਤੀਆਂ ਉੱਗਦੀਆਂ ਹਨ ਅਤੇ ਫਿਰ ਛਾਂ
ਭਰਿਆ ਦਰਖਤ ਬਣਦਾ ਹੈ ਕਿਸੇ ਨੂੰ ਸਕੂਨ
ਦੇਣ ਵਾਸਤੇ।ਇਸੇ ਤਰਾਂ ਰੂਹ ਦੇ ਗਰਭ ਵਿੱਚੋਂ
ਅਹਿਸਾਸ ਅਤੇ ਭਾਵਨਾ ਨਾਲ ਭਰੀ ਮੁਹੱਬਤ
ਪੈਦਾ ਹੁੰਦੀ ਹੈ।ਦਿਲਾਂ ਨੂੰ ਸਕੂਨ ਦੇਣ ਵਾਸਤੇ।

***ਜਿਸ ਦੇਸ਼ ਵਿੱਚ ਜਿੰਨੇ ਜਿਆਦਾ ਧਾਰਮਿਕ
ਸਥਾਨ ਹੁੰਦੇ ਹਨ ਉਸੇ ਦੇਸ਼ ਵਿੱਚ ਉਨੇ
ਜਿਆਦਾ ਕਾਰਤੂਸਾਂ ਦੇ ਬਰੂਦ ਦੇ ਕਾਰਖਾਨੇ
ਹੁੰਦੇ ਹਨ।ਅੰਜੂਜੀਤ ਸ਼ਰਮਾ ਜਰਮਨੀ

***ਇੱਕ ਮੋਚੀ ਬਹੁਤ ਹੀ ਪਿਆਰ ਅਤੇ ਲਗਨ ਅਤੇ
ਸ਼ੁੱਭ ਇੱਛਾਵਾਂ ਦੇ ਗੀਤ ਗਾ ਕੇ ਤਿਆਰ
ਕਰਦਾ ਹੈ ਆਪਣੇ ਦੇਸ਼ ਦੇ ਸੈਨਿਕਾਂ ਵਾਸਤੇ
ਜੁੱਤੇ ਜਿਨਾਂ ਨੂੰ ਪਹਿਨ ਨੇ ਸੈਨਿਕ ਹੌਂਸਲੇ ਅਤੇ
ਉਤਸ਼ਾਹ ਨਾਲ ਤੁਰਦੇ ਹਨ।

***ਜਿਵੇਂ ਸਿਗਰਟ ਬੀੜੀ ਪੀਣ ਵਾਲੇ ਦੇ ਧੂੰਏ ਨਾਲ
ਫੇਫੜੇ ਖਰਾਬ ਹੁੰਦੇ ਹਨ ਕੈਂਸਰ ਵਰਗੀਆਂ
ਬਿਮਾਰੀਆਂ ਲੱਗ ਜਾਂਦੀਆਂ ਹਨ ਐਨ ਉਸੇ
ਮਾੜੀਆਂ ਅਤੇ ਨਫਰਤ ਭਰੀਆਂ ਸੋਚਾਂ ਸੋਚਣ
ਨਾਲ ਦਿਮਾਗ ਅਤੇ ਸਰੀਰ ਵਿੱਚ ਕੁਸੈਲ ਦਾ
ਕੈਂਸਰ ਫੈਲ ਜਾਂਦਾ ਹੈ।

***ਮੇਰੀ ਸੋਚ ਅਨੁਸਾਰ ਅੱਜ ਸਾਡੇ ਦੇਸ਼ ਦੇ ਹਲਾਤ ਜਿੰਨੇ ਖਰਾਬ ਹੋ ਰਹੇ ਹਨ।ਉਸ ਵਿੱਚ ਜਿਆਦਾਤਰ ਬਾਹਰ ਬਦੇਸ਼ੀ ਧਰਤੀ ਤੇ ਖੋਲੇ ਗਏ ਮੀਡੀਆ ਦੀ ਬਦੌਲਤ ਹੋ ਰਹੇ ਹਨ।ਜਿਹੜੇ ਧਰਮ ਦੇ ਨਾਂ ਉੱਤੇ ਲੋਕਾਂ ਨੂੰ ਜਜਬਾਤੀ ਕਰਕੇ ਅੰਨ੍ਹੇਵਾਹ ਚੰਦਾ ਇਕੱਠਾ ਕਰਕੇ।ਕਈ ਐਸੀਆਂ ਸੰਸਥਾਵਾਂ ਨੂੰ ਭੇਜਦੇ ਹਨ ਜਿਥੇ ਧਰਮ ਦੀ ਕੱਟੜਤਾ ਅਤੇ ਲੜਾਕੂ ਫੌਜ ਨੂੰ ਸਿਖਲਾਈ ਦਿੱਤੀ ਜਾਂਦੀ ਹੈ।

***ਹਿੰਦੋਸਤਾਨ ਦੇ ਰੇਡਿਓ ਅਤੇ ਟੀ ਵੀ ਮੀਡੀਆ ਨਾਲੋਂ ਬਦੇਸ਼ੀ ਰੇਡਿਓ ਅਤੇ ਟੀ ਵੀ ਚੈਨਲਾਂ ਉੱਤੇ ਭੜਕਾਊ ਭਾਸ਼ਣ ਜਿਆਦਾ ਦਿੱਤੇ ਜਾਂਦੇ ਹਨ।ਕਾਰਨ ਕਿ ਬਦੇਸ਼ ਦੀ ਧਰਤੀ ਦੇ ਲੋਕ ਜਾਣਦੇ ਹਨ ਕਿ ਬਦੇਸ਼ ਵਿੱਚ ਉਹਨਾਂ ਨੂੰ ਉਸ ਦੇਸ਼ ਦੀ ਸਰਕਾਰ ਨੇ ਅਜਾਦੀ ਨਾਲ ਗੱਲ ਕਰਨ ਦੀ ਖੁੱਲ੍ਹ ਦਿੱਤੀ ਹੈ,ਹੱਕ ਦਿੱਤੇ ਹਨ ਅਜਾਦੀ ਦਿੱਤੀ ਹੈ,ਪਰ ਉਹ ਇਹ ਨਹੀਂ ਜਾਣਦੇ ਕਿ ਬਦੇਸ਼ ਦੀ ਮਿਲੀ ਬੋਲਣ ਦੀ ਅਜਾਦੀ ਦੀ ਉਹ ਗਲਤ ਵਰਤੋਂ ਕਰਕੇ ਆਪਣੇ ਦੇਸ਼ ਦੀ ਜੰਤਾਂ ਅੰਦਰ ਭੜਕਾਊ ਵਿਚਾਰਾਂ ਨਾਲ ਵਿਰੋਧਤਾ ਅਤੇ ਨਫਰਤ ਭਰ ਰਹੇ ਹਨ।

***ਪਿਕਾਸੋ ਚਿੱਤਰਕਾਰ ਨੂੰ ਕੌਣ ਨਹੀਂ ਜਾਣਦਾ।ਪਿਕਾਸੋ ਨੇ ਜਿਆਦਾ ਤਰ ਨੰਗੀਆਂ ਔਰਤਾਂ ਦੀ ਚਿੱਤਰਕਾਰੀ ਕੀਤੀ ਹੈ।ਉਸ ਨੇ ਆਪਣੇ ਰੰਗਾਂ ਦੇ ਬਰਸ਼ ਰਾਹੀਂ ਔਰਤ ਦੇ ਜਿਸਮ ਨੂੰ ਖੂਬ ਚਿਤਰਿਆ ਹੈ ਪਰ ਅਸੀਂ ਸਭ ਵੀ ਤਾਂ ਕਿਤੇ ਨਾ ਕਿਤੇ ਪੀਕਾਸੋ ਹੀ ਤਾਂ ਹਾਂ।ਔਰਤ ਹਮੇਸ਼ਾ ਉਸ ਔਰਤ ਨੂੰ ਖਿਆਲਾਂ ਵਿੱਚ ਨੰਗਾ ਚਿਤਰਦਾ ਹੈ ਜਿਸ ਵੱਲ ਉਸ ਦੀ ਖਿੱਚ ਹੋਵੇ।ਲੁੱਕ ਛੁਪ ਕੇ ਉਸਨੂੰ ਦੇਖੇਗਾ ਉਸਦੇ ਜਿਸਮ ਨੂੰ ਅੱਖਾਂ ਦੇ ਬੰਦ ਪਰਦੇ ਪਿਛਲੇ ਚਿਤਰੇਗਾ ਅਤੇ ਔਰਤ ਵੀ ਐਸੇ ਤਰਾਂ ਦੇ ਖਿਆਲ ਰੱਖਦੀ ਹੈ।ਬਸ ਫਰਕ ਇੰਨਾ ਕੁ ਹੈ ਪੀਕਾਸੋ ਦੇ ਚਿੱਤਰ ਦੀਵਾਰਾਂ ਉੱਤੇ ਟੰਗੇ ਜਾਂਦੇ ਹਨ ਅਤੇ ਸਾਡੇ ਬਣਾਏ ਚਿੱਤਰ ਮਨ ਦੇ ਸੋਚਾਂ ਦੀ ਕੰਧ ਉੱਤੇ ਜਿਸ ਨੂੰ ਅਸੀਂ ਇਕੱਲੇ ਪਨ ਵਿੱਚ ਹੀ ਦੇਖਣਾ ਪਸੰਦ ਕਰਦੇ ਹਾਂ।

***ਸਾਨੂੰ ਧਾਰਮਿਕ ਸਥਾਨ ਸ਼ਾਂਤ ਅਤੇ ਸਕੂਨ ਭਰੇ
ਅਤੇ ਕਬਰ ਸਥਾਨ ਖੌਫ ਅਤੇ ਡਰੇ ਭਰੇ ਕਿਉਂ
ਲੱਗਦੇ ਹਨ? ਕੀ ਇਸ ਕਰਕੇ ਕਿ ਧਾਰਮਿਕ
ਸਥਾਨ ਵਿੱਚ ਰੱਬ ਵੱਸਦਾ ਹੈ ਅਤੇ ਕਬਰ
ਸਥਾਨ ਵਿੱਚ ਮੌਤ ਦਾ ਦੈਂਤ ਇਸ ਕਰਕੇ?
ਨਹੀਂ ਬਿਲਕੁਲ ਨਹੀਂ,,,ਪਹਿਲਾਂ ਤਾਂ ਸਾਨੂੰ
ਰੱਬ ਅਤੇ ਮੌਤ ਦੇ ਦੈਂਤ ਬਾਰੇ ਸਮਝਣਾ
ਪਵੇਗਾ,,,,,ਰੱਬ ਦਾ ਸ਼ਕਲ ਅਕਾਰ ਚਿੱਤਰ
ਅੱਜ ਤੱਕ ਕਿਸੇ ਨੇ ਨਹੀਂ ਦੇਖਿਆ ਕਿ ਰੱਬ
ਕਿਸ ਤਰਾਂ ਦਾ ਹੈ।ਅਸੀਂ ਉਸ ਨੂੰ ਆਪਣੀ
ਭਾਵਨਾ ਨਾਲ ਪਿਆਰ ਅਤੇ ਸਤਿਕਾਰ ਨਾਲ
ਸਾਂਤੀ ਭਰਿਆ ਅਲਾਹੀ ਨੂਰ ਭਰਿਆ ਮਨ ਕੇ
ਉਸ ਦਾ ਖਿਆਲ ਚਿਤਰਦੇ ਹਾਂ।ਉਸ ਨੂੰ ਸਾਫ
ਸੁਥਰੀ ਉੱਚੀ ਥਾਂ ਉੱਤੇ ਬਿਰਾਜਮਾਨ ਕਰਦੇ
ਹਾਂ।ਉਸਦੇ ਆਲ ਦੁਆਲੇ ਸੁਗੰਧੀਆਂ ਲਾਉਂਦੇ
ਹਾਂ।ਉਸ ਨੂੰ ਦੁਨੀਆਂ ਦਾ ਸ਼ੋਰ ਪਸੰਦ
ਨਹੀ।ਉਸਨੂੰ ਕੌੜਾ ਰੁੱਖਾ ਅਪਸ਼ਬਦ ਬੋਲਣਾ

ਸੁਣਨਾ ਪਸੰਦ ਨਹੀਂ ਇਹ ਕਹਿ ਕੇ ਉਸਦੇ
ਸੁਭਾਅ ਅਨੁਸਾਰ ਆਪਣੇ ਬੋਲਣ ਵਿੱਚ
ਤਬਦੀਲੀ ਲਿਆਉਣ ਦੀ ਕੋਸ਼ਿਸ਼ ਕਰਦੇ
ਹਾਂ।ਉਸ ਨੂੰ ਆਪਣਾ ਹਮਰਾਜ ਸਮਝ ਕੇ ਉਸ
ਉੱਤੇ ਵਿਸ਼ਵਾਸ ਕਰਕੇ ਉਸਨੂੰ ਪਰਦੇ ਵਿੱਚ
ਕੀਤੀਆਂ ਗਲਤੀਆਂ ਬਾਰੇ ਵੀ ਦੱਸ ਕੇ ਖਿਮਾ
ਮੰਗ ਕੇ ਮਨ ਦਾ ਭਾਰ ਹੌਲਾ ਕਰਦੇ ਹਾਂ।ਇਹ
ਸੋਚ ਕੇ ਕਿ ਉਹ ਉੱਚਾ ਸੁੱਚਾ ਅਤੇ ਪਵਿੱਤਰ
ਹੈ ਦਿਆਲੂ ਹੈ ਭੋਲਾ ਹੈ।ਅਸੀਂ ਉਸ ਦੀ ਯਾਦ
ਵਿੱਚ ਮਹਿਫ਼ਿਲ ਲਗਾਉਂਦੇ ਹਾਂ।ਉਸਦੀ ਯਾਦ
ਵਿੱਚ ਰਾਗ ਛੇੜਦੇ ਹਾਂ।ਉਸਨੂੰ ਖਿਆਲਾਂ ਵਿੱਚ
ਆਪਣੇ ਕੋਲ ਸੱਦਦੇ ਹਾਂ ਅਤੇ ਫਿਰ ਹੌਲੀ
ਹੌਲੀ ਸਾਨੂੰ ਉਹ ਜਗਾ ਉਹ ਸਥਾਨ ਐਸੀ
ਲੱਗਣੀ ਸ਼ੁਰੂ ਹੋ ਜਾਂਦੀ ਹੈ।ਜਿੱਥੇ ਜਾ ਕੇ ਸਕੂਨ
ਅਤੇ ਸ਼ਾਂਤੀ ਮਿਲਦੀ ਹੈ।ਪਰ ਅਸਲ ਵਿੱਚ
ਮਨੁੱਖ ਦੀਆਂ ਪਵਿੱਤਰ ਸੋਚਾਂ ਨੇ ਵਾਤਾਵਰਨ
ਪਵਿੱਤਰ ਬਣਾਇਆ ਹੁੰਦਾ ਹੈ।ਬਿੰਨਾ ਸ਼ੱਕ ਕਿ

ਕਾਇਨਾਤ ਨੂੰ ਰਚਨ ਵਾਲਾ ਰਚਨ ਹਾਰ ਵੀ
ਹੈ।ਉਸ ਵਕਤ ਸਭ ਚੰਗੀਆਂ ਸੋਚਾਂ ਚੰਗੇ
ਇਨਸਾਨ ਮਿਲ ਕੇ ਇੱਕ ਮਨ ਨੂੰ ਸਾਧਣ
ਵਾਲਾ ਮਹੌਲ ਬਣਾ ਦਿੰਦੇ ਹਨ ਅਤੇ ਉਸ
ਧਾਰਮਿਕ ਸਥਾਨ ਦੀਆਂ ਕੰਧਾਂ ਦਰਵਾਜੇ
ਕਮਰੇ ਜਮੀਨ ਉਨਾਂ ਪਵਿੱਤਰ ਸੋਚਾਂ ਅਤੇ
ਇਨਸਾਨਾਂ ਦੇ ਕਦਮਾਂ ਦੀ ਛੋਹ ਨਾਲ ਖਿੜੇ
ਖਿੜੇ ਅਤੇ ਸ਼ਾਂਤੀ ਭਰੇ ਮਹਿਸੂਸ ਹੋਣ ਹੋਣ
ਲੱਗ ਜਾਂਦੇ ਹਨ।ਇਸੇ ਤਰਾਂ ਮੌਤ ਦੇ ਦੈਂਤ ਨੂੰ
ਕਿਸੇ ਨਹੀਂ ਦੇਖਿਆ ਹੁੰਦਾ ਤਾਂ ਕਿ ਬੰਦਾ
ਕਿਹ ਸਕੇ ਕਬਰਾਂ ਵਿੱਚ ਦੈਂਤ ਵੱਸਦਾ ਹੈ ਤਾਂ
ਉਸ ਜਗਾ ਤੋਂ ਡਰ ਲੱਗਦਾ ਹੈ,,ਨਹੀਂ ਉਸ
ਖੌਫ ਨਾਕ ਮਹੌਲ ਨੂੰ ਮਰਨ ਵਾਲੇ ਦੇ ਵਿਛੋੜੇ
ਵਿੱਚ ਦਰਦ ਭਰੀਆਂ ਚੀਕਾਂ ,,,ਕੂਕਾ
ਵਿਰਲਾਪ ਸੋਗ ਮਹੌਲ ਨੂੰ ਸੋਗਵਾਰ ਬਣਾ
ਦਿੰਦਾ ਹੈ ਅਤੇ ਹੌਲੀ ਹੌਲੀ ਉਹ ਜਗਾ ਉਹ
ਰਸਾ ਵੀ ਸੋਗਵਾਨ ਅਤੇ ਖੌਫਨਾਕ ਲੱਗਣ ਲੱਗ

ਜਾਂਦਾ ਹੈ।ਕਿਉਂਕਿ ਸਾਡੀ ਦਰਦ ਅਤੇ ਵਿਛੋੜੇ
ਭਰੀ ਸੋਚ ਉਸ ਜਗਾ ਉੱਤੇ ਆਪਣਾ ਅਸਰ
ਛੱਡ ਆਉਂਦੀ ਹੈ।ਇਸੇ ਤਰਾਂ ਹਸਪਤਾਲਾਂ
ਵਿਚਲਾ ਮਹੌਲ ਵਿੱਚ ਡਰ ਭਰਿਆ ਅਤੇ ਖੌਫ
ਭਰਿਆ ਹੁੰਦਾ ਹੈ।ਕਿਉਂਕਿ ਉਥੇ ਦੇ ਮਰੀਜਾਂ
ਦੀ ਸੋਚ ਡਰ ਅਤੇ ਮੌਤ ਦੇ ਇਰਧ ਗਿਰਦ
ਘੁੰਮ ਰਹੀ ਹੁੰਦੀ ਹੈ।ਜਿਹੜੀ ਹਸਪਤਾਲ ਦੇ
ਮਹੌਲ ਨੂੰ ਡਰ ਭਰਿਆ ਬਣਾ ਦਿੰਦੀ ਹੈ।ਜਾਣੀ
ਇਨਸਾਨ ਜਿਸ ਤਰਾਂ ਦਾ ਸੋਚਦਾ ਹੈ ਉਸੇ
ਤਰਾਂ ਦਾ ਮਹੌਲ ਬਣ ਜਾਂਦਾ ਹੈ ਅਤੇ ਉਸੇ
ਤਰਾਂ ਦਾ ਫਿਰ ਜਗਣਾ ਸ਼ੁਰੂ ਹੋ ਜਾਂਦਾ ਹੈ।

***ਵਣਜਾਰੇ ਲੋਕ ਮੈਨੂੰ ਇਸ ਕਰਕੇ ਜਿਆਦਾ ਪਸੰਦ ਹਨ ਕਿਉਂਕਿ ਇਹ ਲੋਕ ਆਪਣੇ ਸੱਭਿਆਚਾਰ ਨੂੰ ਆਪਣੇ ਰੀਤੀ ਰਿਵਾਜਾਂ ਨੂੰ ਹਮੇਸ਼ਾ ਆਪਣੇ ਨਾਲ ਰੱਖਦੇ ਹਨ।ਉਹ ਭਾਵੇਂ ਦੁਨੀਆਂ ਦੇ ਕਿਸੇ ਵੀ ਕੋਨੇ ਤੇ ਕਿਉਂ ਨਾ ਜਾ ਕੇ ਵੱਸ ਜਾਣ ਉਹਨਾਂ ਵਿੱਚ ਉਹਨਾਂ ਦੇ ਰੀਤੀ ਰਿਵਾਜ ਸੱਭਿਆਚਾਰ ਜਿੰਦਾ ਰਹਿੰਦਾ ਹੈ

***ਜਿੰਨਾ ਲੋਕਾਂ ਦੀ ਇਹ ਸੋਚ ਹੈ ਕਿ ਹਿੰਦੂ ਇੱਕ ਧਰਮ ਹੈ ਅਤੇ ਹਿੰਦੋਸਤਾਨ ਸਿਰਫ ਹਿੰਦੂਆਂ ਦਾ ਹੀ ਹੈ ਤਾਂ ਉਹ ਗਲਤ ਸੋਚ ਰਹੇ ਹਨ ਹਿੰਦੂ ਇੱਕ ਸਮਾਜ ਹੈ ਨਾ ਕਿ ਧਰਮ ਹੈ।

***ਜਿੰਦਗੀ ਹਾਏ! ਹਾਏ ਕਰਨ ਵਾਲੀ , ਗ਼ਮ ਨੂੰ ਮਹਿਸੂਸ ਕਰਨ ਵਾਲੀ ਸ਼ੈ ਨਹੀਂ ਹੈ। ਕਦੇ ਗ਼ਮ ਨੂੰ ਕਰਕੇ ਵੀ ਦੇਖੋ ਜਿੰਦਗੀ ਨਾਲ ਪਿਆਰ ਹੋ ਜਾਵੇਗਾ

***ਕੁਝ ਰਿਸ਼ਤੇ ਧੜਕਣਾ ਵਿੱਚ ਵੱਸਦੇ ਹੁੰਦੇ ਨੇ, ਤੇ ਕੁਝ ਐਸੇ ਰਿਸ਼ਤੇ ਵੀ ਹੁੰਦੇ ਹਨ ਜਿੰਨਾਂ ਨੂੰ ਯਾਦ ਕਰਕੇ ਦਿਲ ਦੀਆਂ ਧੜਕਣਾ ਵੀ ਨਹੀਂ ਧੜਕਦੀਆਂ।

***ਜਿਹੜੇ ਲੋਕ ਆਪਣੀ ਤਸੀਰ ਨੂੰ ਨਹੀਂ ਜਾਣਦੇ
ਹਨ ਉਹਨਾਂ ਦਾ ਕੋਈ ਹੱਕ ਨਹੀਂ ਦੂਜੇ ਦੇ
ਸੁਭਾਅ ਬਾਰੇ ਅੰਦਾਜ਼ ਲਗਾਉਣ ਅਤੇ ਨਾ ਹੀ
ਸਾਨੂੰ ਐਸੇ ਲੋਕ ਬਾਰੇ ਕੀ ਉਹਨਾਂ ਦੀ ਰਾਏ
ਜਾਨਣ ਦੀ ਜਰੂਰਤ ਹੈ ਕਿਉਂਕਿ ਅਸੀਂ
ਜਾਣਦੇ ਹਾਂ ਆਪਣੇ ਜਜਬਿਆਂ ਬਾਰੇ
ਆਪਣੀਆਂ ਭਾਵਨਾਵਾਂ ਨੂੰ ਜਾਨਣਾ ।
ਅਸੀਂ ਜਾਣਦੇ ਹਾਂ ਆਪਣੇ ਜਿਸਮ ਦੇ ਲਹੂ
ਵਿੱਚ ਉਂਗਲਾਂ ਡੋਬ ਕੇ ਆਪਣੀ ਤਸੀਰ ਨੂੰ
ਸਮਝਣਾ ਕਿ ਅਸੀਂ ਕਿਸ ਤਰਾਂ ਦਾ ਅਨੁਭਵ
ਕਰਦੇ ਹਾਂ।ਜਦ ਤੱਕ ਉਹ ਲੋਕ ਆਪਣੇ ਲਹੂ
ਵਿੱਚ ਉਂਗਲਾਂ ਡਬੋ ਕੇ ਇਹ ਨਹੀਂ ਜਾਣ
ਸਕਦੇ ਕਿ ਉਹ ਕੀ ਆਪਣੇ ਬਾਰੇ ਜਾਣਦੇ
ਹਨ ਆਪਣੇ ਬਾਰੇ ਕੀ ਅਨੁਭਵ ਕਰਦੇ ਹਨ
ਆਪਣੇ ਬਾਰੇ ਕੀ ਮਹਿਸੂਸ ਕਰਦੇ ਹਨ ।

ਉਨੀ ਦੇਰ ਉਹਨਾਂ ਨੂੰ ਕੋਈ ਹੱਕ ਨਹੀਂ ਕਿਸੇ ਬਾਰੇ ਅੰਦਾਜੇ ਲਗਾਉਣ ਦਾ ਕਿਸੇ ਬਾਰੇ ਕੁਝ ਸੋਚਣ ਦਾ

ਉਹ ਸੋਚਦਾ ਹੈ ਕਿ ਮੈਂ ਹੁਣ ਨਾਸਤਿਕ ਹੋ ਗਈ ਹਾਂ
ਨਹੀਂ ਪਤਾ ਉਸ ਨੂੰ ਮੈਂ ਆਪਣੇ ਰੂਹ ਬ-ਰੂਹ ਹੋ ਗਈ ਹਾਂ
ਛੱਡ ਦਿੱਤਾ ਜਦੋਂ ਦਾ ਅੰਜੂ ਮੰਦਰ ਗਿਰਜੇ ਮੈਂ ਆਉਣਾ
ਮੈਂ ਆਪਣੇ ਦਿਲ ਦੇ ਬਹੁਤ ਕਰੀਬ ਹੋ ਗਈਂ ਹਾਂ